@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 18 May 2026

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 18 ਮਈ 2026, 4 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 193, qpatrika@gmail.com ਫੋਨ : 9971359517 www.qaumipatrika.org

ਗ੍ਰੇਟ ਨਿਕੋਬਾਰ ਪ੍ਰਾਜੈਕਟ 'ਤੇ ਕਾਂਗਰਸ 'ਤੇ ਜਤਾਈ ਚਿੰਤਾ: ਜੈਰਾਮ ਰਮੇਸ਼

ਨਵੀਂ ਦਿੱਲੀ 17 ਮਈ। ਕਾਂਗਰਸ ਨੇ ਗ੍ਰੇਟ ਨਿਕੋਬਾਰ ਪ੍ਰਾਜੈਕਟ ਦੇ ਮੌਜੂਦਾ ਰੂਪ 'ਤੇ ਰਾਸ਼ਟਰੀ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਮੁੜ ਵਿਚਾਰ ਦੀ ਲੋੜ ਜਤਾਉਂਦੇ ਹੋਏ ਕਿਹਾ ਕਿ ਇਸ ਨਾਲ ਵਾਤਾਵਰਣੀ ਨੁਕਸਾਨ ਅਤੇ ਆਦਿਵਾਸੀ ਅਧਿਕਾਰਾਂ ਦੀ ਉਲੰਘਣਾ ਦਾ ਖਦਸ਼ਾ ਹੈ।

ਪਾਰਟੀ ਦਾ ਕਹਿਣਾ ਹੈ ਕਿ ਉਹ ਲਗਾਤਾਰ ਇਸ ਸੰਬੰਧ 'ਚ ਸਰਕਾਰ ਨੂੰ ਜਾਣੂੰ ਕਰਵਾ ਰਹੀ ਹੈ ਪਰ ਉਸ ਦੀਆਂ ਚਿੰਤਾਵਾਂ 'ਤੇ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਕਾਂਗਰਸ ਸੰਚਾਰ ਵਿਭਾਗ ਦੇ ਇੰਚਾਰਜ ਜੈਰਾਮ ਰਮੇਸ਼ ਨੇ ਐਤਵਾਰ ਨੂੰ ਦੱਸਿਆ ਕਿ ਉਨ੍ਹਾਂ ਨੇ ਕੇਂਦਰੀ ਵਾਤਾਵਰਣੀ, ਜੰਗਲਾਤ ਅਤੇ ਜਲਵਾਯੂ ਵਾਤਾਵਰਣ ਮੰਤਰੀ ਭੂਪੇਂਦਰ ਯਾਦਵ ਅਤੇ ਜਨਜਾਤੀ ਕਾਰਜ ਮੰਤਰੀ ਜੁਏਲ ਓਰਾਮ ਨੂੰ ਚਿੱਠੀ ਲਿਖਣ ਤੋਂ ਬਾਅਦ ਹੁਣ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਚਿੱਠੀ ਭੇਜੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਕ ਵਪਾਰਕ ਪ੍ਰਾਜੈਕਟ ਨੂੰ ਸੁਰੱਖਿਆ ਜ਼ਰੂਰਤਾਂ ਦੇ ਆਧਾਰ 'ਤੇ ਉਚਿਤ ਠਹਿਰਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਦੋਂ ਕਿ ਇਸ ਦੇ ਵਾਤਾਵਰਣੀ ਪ੍ਰਭਾਵਾਂ ਅਤੇ ਆਦਿਵਾਸੀ ਹਿੱਤਾਂ 'ਤੇ ਪੈਣ ਵਾਲੇ ਅਸਰ ਨੂੰ ਲੈ ਕੇ ਲਗਾਤਾਰ ਆਲੋਚਨਾ ਹੋ ਰਹੀ ਹੈ। ਸ਼?ਰੀ ਰਮੇਸ਼ ਨੇ ਕਿਹਾ ਕਿ ਦੇਸ਼ ਦੀ ਰੱਖਿਆ ਸਮਰੱਥਾ ਮਜ਼ਬੂਤ ਕਰਨ 'ਤੇ ਕੋਈ ਮਤਭੇਦ ਨਹੀਂ ਹੈ ਪਰ ਗ੍ਰੇਟ ਨਿਕੋਬਾਰ ਦੇ ਕੈਂਪਬੇਲ ਬੇ ਸਥਿਤ ਆਈਐੱਨਐੱਸ ਬਾਜ਼ ਦੇ ਰਨਵੇਅ ਵਿਸਥਾਰ ਅਤੇ ਜਲ ਸੈਨਿਕ ਜੇਟੀ ਵਰਗੀਆਂ ਯੋਜਨਾਵਾਂ ਘੱਟ ਵਾਤਾਵਰਣੀ ਨੁਕਸਾਨ ਨਾਲ ਬਿਹਤਰ ਵਿਕਲਪ ਹੋ ਸਕਦੀਆਂ ਹਨ। ਉਨ੍ਹਾਂ ਨੇ ਆਈਐੱਨਐੱਸ ਕਾਰਦੀਪ, ਆਈਐੱਨਐੱਸ ਕੋਹਾਸਾ, ਆਈਐੱਨਐੱਸ ਉਤਕ੍ਰੋਸ਼, ਆਈਐੱਨਐੱਸ ਜਰਾਵਾ ਅਤੇ ਕਾਰ ਨਿਕੋਬਾਰ ਹਵਾਈ ਫ਼ੌਜ ਸਟੇਸ਼ਨ ਵਰਗੀਆਂ ਮੌਜੂਦਾ ਫ਼ੌਜ ਸਮਰੱਥਾਵਾਂ ਦੇ ਵਿਸਥਾਰ ਦਾ ਵੀ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਾਜੈਕਟ 'ਚ ਪ੍ਰਸਤਾਵਿਤ ਟਰਾਂਸਸ਼ਿਪਮੈਂਟ ਪੋਰਟ ਅਤੇ ਟਾਊਨਸ਼ਿਪ ਤੋਂ ਫ਼ੌਜ ਸਮਰੱਥਾ ਨਹੀਂ ਵਧਦੀ, ਫਿਰ ਵੀ ਇਨ੍ਹਾਂ ਨੂੰ ਸੁਰੱਖਿਆ ਕਾਰਨਾਂ ਕਰ ਕੇ ਉਚਿਤ ਠਹਿਰਾਇਆ ਜਾ ਰਿਹਾ ਹੈ। ਉਨ੍ਹਾਂ ਨੇ ਰੱਖਿਆ ਮੰਤਰੀ ਤੋਂ ਪ੍ਰਾਜੈਕਟ ਦੇ ਮੌਜੂਦਾ ਰੂਪ 'ਤੇ ਮੁੜ ਵਿਚਾਰ ਕਰਨ ਅਤੇ ਜਲ ਸੈਨਾ ਅਧਿਕਾਰੀਆਂ ਵਲੋਂ ਸੁਝਾਏ ਗਏ ਵਿਕਲਪਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਅਪੀਲ ਕੀਤੀ।

ਪ੍ਰਧਾਨ ਮੰਤਰੀ ਮੋਦੀ ਦਾ ਸਵੀਡਨ ਪਹੁੰਚਣ 'ਤੇ ਨਿੱਘਾ ਸਵਾਗਤ, 19, ਰੱਖਿਆ ਤੇ ਵਪਾਰ 'ਤੇ ਹੋਣਗੇ ਵੱਡੇ ਸਮਝੌਤੇ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਗੋਥਨਬਰਗ 17 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਪੰਜ ਦੇਸ਼ਾਂ ਦੇ ਦੌਰੇ ਦੇ ਅਗਲੇ ਪੜਾਅ ਵਜੋਂ ਨੀਦਰਲੈਂਡ ਤੋਂ ਸਵੀਡਨ ਦੇ ਗੋਥਨਬਰਗ ਸ਼ਹਿਰ ਪਹੁੰਚ ਗਏ ਹਨ। ਸਵੀਡਨ ਦੇ ਹਵਾਈ ਖੇਤਰ ਵਿੱਚ ਦਾਖਲ ਹੁੰਦੇ ਹੀ ਸਵੀਡਿਸ਼ 'ਗ੍ਰਿਪੇਨ' ਲੜਾਕੂ ਜਹਾਜ਼ਾਂ ਨੇ ਪ੍ਰਧਾਨ ਮੰਤਰੀ ਦੇ ਜਹਾਜ਼ ਨੂੰ ਐਸਕਾਰਟ ਕਰ ਕੇ ਵਿਸ਼ੇਸ਼ ਸਨਮਾਨ ਦਿੱਤਾ। ਹਵਾਈ ਅੱਡੇ 'ਤੇ ਸਵੀਡਨ ਦੇ ਪ੍ਰਧਾਨ ਮੰਤਰੀ ਉਲਫ ਕ੍ਰਿਸਟਰਸਨ ਨੇ ਉਨ੍ਹਾਂ ਦਾ ਬਹੁਤ ਗਰਮਜੋਸ਼ੀ ਨਾਲ ਸਵਾਗਤ ਕੀਤਾ। ਪ੍ਰਧਾਨ ਮੰਤਰੀ ਦਾ ਇਹ ਦੋ ਦਿਨਾਂ ਦੌਰਾ ਭਾਰਤ ਅਤੇ ਸਵੀਡਨ ਦੇ ਸਬੰਧਾਂ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾਵੇਗਾ। ਦੋਵਾਂ ਨੇਤਾਵਾਂ ਵਿਚਕਾਰ ਹੋਣ ਵਾਲੀ ਦੁਵੱਲੀ ਗੱਲਬਾਤ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (19), ਰੱਖਿਆ ਉਤਪਾਦਨ, ਵਪਾਰ, ਗ੍ਰੀਨ ਐਨਰਜੀ, ਸਪੇਸ ਅਤੇ ਸਟਾਰਟਅੱਪਸ ਵਰਗੇ ਅਹਿਮ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ। ਇਸ ਯਾਤਰਾ ਦੌਰਾਨ ਨਿਵੇਸ਼ ਅਤੇ ਵਪਾਰ ਦੇ ਲਿਹਾਜ਼ ਨਾਲ ਕਈ ਵੱਡੀਆਂ ਡੀਲਾਂ 'ਤੇ ਹਸਤਾਖਰ ਹੋਣ ਦੀ ਉਮੀਦ ਹੈ। ਪੀਐਮ ਮੋਦੀ ਇਸ ਦੌਰੇ ਦੌਰਾਨ 'ਯੂਰਪੀਅਨ ਰਾਊਂਡ ਟੇਬਲ ਫਾਰ ਇੰਡਸਟਰੀ' ਦੇ ਪ੍ਰੋਗਰਾਮ ਨੂੰ ਸੰਬੋਧਨ ਕਰਨਗੇ, ਜਿਸ ਨੂੰ ਯੂਰਪ ਦਾ ਸਭ ਤੋਂ ਪ੍ਰਭਾਵਸ਼ਾਲੀ ਵਪਾਰਕ ਮੰਚ ਮੰਨਿਆ ਜਾਂਦਾ ਹੈ।

ਇਸ ਬੈਠਕ ਵਿੱਚ ਯੂਰਪ ਦੀਆਂ ਚੋਟੀ ਦੀਆਂ ਕੰਪਨੀਆਂ ਦੇ 60 ਸੀਈਓ ਸ਼ਾਮਲ ਹੋਣਗੇ, ਜਿਨ੍ਹਾਂ ਨਾਲ ਭਾਰਤ ਵਿੱਚ ਨਿਵੇਸ਼ ਅਤੇ ਤਕਨੀਕੀ ਸਹਿਯੋਗ ਵਧਾਉਣ 'ਤੇ ਗੱਲਬਾਤ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਜਨਵਰੀ 2026 ਵਿੱਚ ਲਾਗੂ ਹੋਏ ਭਾਰਤ ਅਤੇ ਯੂਰਪੀਅਨ ਯੂਨੀਅਨ ਦੇ ਮੁਕਤ ਵਪਾਰ ਸਮਝੌਤੇ ਤੋਂ ਬਾਅਦ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਯੂਰਪ ਯਾਤਰਾ ਹੈ। ਸਾਲ 2025 ਵਿੱਚ ਭਾਰਤ ਅਤੇ ਸਵੀਡਨ ਵਿਚਕਾਰ ਵਪਾਰ 7.75 ਅਰਬ ਡਾਲਰ ਦੇ ਰਿਕਾਰਡ ਪੱਧਰ 'ਤੇ ਪਹੁੰਚ ਗਿਆ ਸੀ। ਸਵੀਡਨ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨਾਰਵੇ ਅਤੇ ਇਟਲੀ ਲਈ ਰਵਾਨਾ ਹੋਣਗੇ। ਨਾਰਵੇ ਦੀ ਇਹ ਯਾਤਰਾ ਲਗਭਗ 43 ਸਾਲਾਂ ਦੇ ਲੰਬੇ ਵਕਫ਼ੇ ਤੋਂ ਬਾਅਦ ਹੋ ਰਹੀ ਹੈ। ਸਵੀਡਨ ਪਹੁੰਚਣ ਤੋਂ ਪਹਿਲਾਂ ਨੀਦਰਲੈਂਡ ਵਿੱਚ ਪੀਐਮ ਮੋਦੀ ਨੇ ਦੁਨੀਆ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਇਹ ਦਹਾਕਾ ਆਫ਼ਤਾਂ ਦਾ ਦਹਾਕਾ ਹੈ। ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਜੇਕਰ ਜੰਗਾਂ ਕਾਰਨ ਪੈਦਾ ਹੋਇਆ ਊਰਜਾ ਸੰਕਟ ਜਲਦੀ ਨਾ ਸੁਧਰਿਆ, ਤਾਂ ਦੁਨੀਆ ਦੇ ਕਰੋੜਾਂ ਲੋਕ ਮੁੜ ਗਰੀਬੀ ਦੇ ਦਲਦਲ ਵਿੱਚ ਫਸ ਸਕਦੇ ਹਨ।

ਚੋਰੀ ਕਰਨ ਲਈ ਕੁਝ ਨਹੀਂ ਲੱਭਾ ਤਾਂ ਗੁੱਸੇ 'ਚ ਚੋਰ ਕਰ ਗਏ ਵੱਡਾ ਕਾਂਡ

ਨੈਸ਼ਨਲ ਡੈਸਕ 17 ਮਈ। ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਜ਼ਿਲ੍ਹੇ ਤੋਂ ਇੱਕ ਬਹੁਤ ਹੀ ਅਜੀਬ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਵੱਡੀ ਚੋਰੀ ਦੀ ਨੀਅਤ ਨਾਲ ਆਏ ਬਦਮਾਸ਼ਾਂ ਨੂੰ ਜਦੋਂ ਘਰ ਵਿੱਚੋਂ ਕੁਝ ਨਹੀਂ ਮਿਲਿਆ, ਤਾਂ ਉਹ ਜੁੱਤੇ ਚੋਰੀ ਕਰਕੇ ਹੀ ਭੱਜ ਗਏ। ਇਹ ਪੂਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ, ਜਿਸ ਦਾ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਘਟਨਾ ਸ਼ਿਵਪੁਰੀ ਦੀ ਕੋਲਾਰਸ ਤਹਿਸੀਲ ਦੇ ਖਤੌਰਾ ਕਸਬੇ ਦੀ ਹੈ। ਸ਼ਨੀਵਾਰ ਰਾਤ ਲਗਭਗ 3:38 ਵਜੇ, 6 ਤੋਂ 7 ਬਦਮਾਸ਼ ਮੋਹਰ ਸਿੰਘ ਕੁਸ਼ਵਾਹ ਦੇ ਮਕਾਨ ਦੀ ਬਾਊਂਡਰੀ ਟੱਪ ਕੇ ਅੰਦਰ ਦਾਖਲ ਹੋਏ। ਬਦਮਾਸ਼ ਪੂਰੀ ਤਿਆਰੀ ਨਾਲ ਆਏ ਸਨ; ਉਨ੍ਹਾਂ ਨੇ ਅੰਦਰ ਵੜਦਿਆਂ ਹੀ ਸਭ ਤੋਂ ਪਹਿਲਾਂ ਸੀਸੀਟੀਵੀ ਕੈਮਰਿਆਂ ਦੇ ਐਂਗਲ ਬਦਲ ਦਿੱਤੇ ਤਾਂ ਜੋ ਉਨ੍ਹਾਂ ਦੀ ਪਛਾਣ ਨਾ ਹੋ ਸਕੇ। ਇਹ ਬਦਮਾਸ਼ ਲਗਭਗ 10 ਮਿੰਟ ਤੱਕ ਘਰ ਦੇ ਅੰਦਰ ਅਤੇ ਛੱਤ 'ਤੇ ਘੁੰਮਦੇ ਰਹੇ ਅਤੇ ਕੀਮਤੀ ਸਾਮਾਨ ਦੀ ਭਾਲ ਕਰਦੇ ਰਹੇ ਪਰ ਜਦੋਂ ਉਨ੍ਹਾਂ ਦੇ ਹੱਥ ਕੋਈ ਵੀ ਨਕਦੀ ਜਾਂ ਗਹਿਣੇ ਨਹੀਂ ਲੱਗੇ, ਤਾਂ ਉਹ ਖਾਲੀ ਹੱਥ ਮੁੜਨ ਦੀ ਬਜਾਏ ਉੱਥੇ ਰਹਿ ਰਹੇ ਕਿਰਾਏਦਾਰਾਂ ਦੇ ਦੋ ਜੋੜੀ ਜੁੱਤੇ ਚੋਰੀ ਕਰਕੇ ਫ਼ਰਾਰ ਹੋ ਗਏ। ਐਤਵਾਰ ਸਵੇਰੇ ਜਦੋਂ ਘਰ ਦੇ ਮਾਲਕ ਮੋਹਰ ਸਿੰਘ ਨੇ ਸੀਸੀਟੀਵੀ ਸਕਰੀਨ 'ਤੇ ਕੈਮਰਿਆਂ ਦੀ ਦਿਸ਼ਾ ਬਦਲੀ ਹੋਈ ਦੇਖੀ, ਤਾਂ ਉਨ੍ਹਾਂ ਨੂੰ ਸ਼ੱਕ ਹੋਇਆ। ਰਿਕਾਰਡਿੰਗ ਚੈੱਕ ਕਰਨ 'ਤੇ ਪਤਾ ਲੱਗਿਆ ਕਿ ਕਈ ਹਥਿਆਰਬੰਦ ਲੋਕ ਘਰ ਦੇ ਅੰਦਰ ਘੁੰਮ ਰਹੇ ਸਨ। ਪੀੜਤ ਪਰਿਵਾਰ ਦੀ ਸ਼ਿਕਾਇਤ 'ਤੇ ਪੁਲਿਸ ਨੇ ਅਣਪਛਾਤੇ ਬਦਮਾਸ਼ਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਵਾਇਰਲ ਵੀਡੀਓ ਦੇ ਅਧਾਰ 'ਤੇ ਬਦਮਾਸ਼ਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਸੁਪਰੀਮ ਕੋਰਟ ਦਾ ਇਤਿਹਾਸਕ ਫੈਸਲਾ, ਹੁਣ ਹਫ਼ਤੇ 'ਚ 2 ਦਿਨ ਹੋਵੇਗੀ ਵਰਚੁਅਲ ਸੁਣਵਾਈ

ਨਵੀਂ ਦਿੱਲੀ 17 ਮਈ। ਸੁਪਰੀਮ ਕੋਰਟ ਨੇ ਦੇਸ਼ ਵਿੱਚ ਈਂਧਨ ਦੀ ਬਚਤ ਕਰਨ ਤੇ ਵਾਤਾਵਰਣ ਦੀ ਰਾਖੀ ਲਈ ਇੱਕ ਬਹੁਤ ਹੀ ਮਹੱਤਵਪੂਰਨ ਫੈਸਲਾ ਲਿਆ ਹੈ। ਅਦਾਲਤ ਵੱਲੋਂ ਜਾਰੀ ਕੀਤੇ ਗਏ ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੁਣ ਅਦਾਲਤੀ ਕੰਮਕਾਜ ਵਿੱਚ ਵੱਡੇ ਬਦਲਾਅ ਕੀਤੇ ਗਏ ਹਨ, ਜਿਸ ਤਹਿਤ ਹਰ ਹਫ਼ਤੇ ਦੋ ਦਿਨ ਸਿਰਫ਼ ਵਰਚੁਅਲ (ਆਨਲਾਈਨ) ਸੁਣਵਾਈ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਪੀਲ ਅਤੇ ਕੇਂਦਰ ਸਰਕਾਰ ਦੇ ਆਦੇਸ਼ ਤੋਂ ਬਾਅਦ ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਇੱਕ ਨਵਾਂ ਸਰਕੂਲਰ ਜਾਰੀ ਕੀਤਾ ਹੈ। ਇਸ ਦੇ ਮੁਤਾਬਕ ਹੁਣ ਸੋਮਵਾਰ ਤੇ ਸ਼ੁੱਕਰਵਾਰ ਨੂੰ ਸਾਰੇ ਮਾਮਲਿਆਂ ਦੀ ਸੁਣਵਾਈ ਸਿਰਫ਼ ਵੀਡੀਓ ਕਾਨਫਰੰਸਿੰਗ ਰਾਹੀਂ ਹੋਵੇਗੀ। ਹਫ਼ਤੇ ਦੇ ਬਾਕੀ ਤਿੰਨ ਦਿਨ 'ਹਾਈਬ੍ਰਿਡ' ਸੁਣਵਾਈ ਜਾਰੀ ਰਹੇਗੀ। ਅਦਾਲਤ ਨੇ ਪ੍ਰਸ਼ਾਸਨ ਨੂੰ ਵੀਡੀਓ ਕਾਨਫਰੰਸਿੰਗ ਦੇ ਲਿੰਕ ਸਮੇਂ ਸਿਰ ਭੇਜਣ ਤੇ ਤਕਨੀਕੀ ਵਿਵਸਥਾ ਨੂੰ ਮਜ਼ਬੂਤ ਰੱਖਣ ਦੇ ਹੁਕਮ ਦਿੱਤੇ ਹਨ ਤਾਂ ਜੋ ਵਕੀਲਾਂ ਅਤੇ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ। ਈਂਧਨ ਬਚਾਉਣ ਦੀ ਇਸ ਮੁਹਿੰਮ ਵਿੱਚ ਸੁਪਰੀਮ ਕੋਰਟ ਦੇ ਜੱਜਾਂ ਨੇ ਖੁਦ ਵੀ ਵੱਡਾ ਯੋਗਦਾਨ ਪਾਉਣ ਦਾ ਫੈਸਲਾ ਕੀਤਾ ਹੈ। ਹੁਣ ਸੁਪਰੀਮ ਕੋਰਟ ਦੇ ਜੱਜ ਵੀ 'ਕਾਰ ਪੂਲਿੰਗ' ਕਰਨਗੇ, ਯਾਨੀ ਉਹ ਜ਼ਰੂਰਤ ਅਨੁਸਾਰ ਇੱਕ ਹੀ ਗੱਡੀ ਵਿੱਚ ਸਾਂਝਾ ਸਫ਼ਰ ਕਰਨਗੇ। ਇਸ ਕਦਮ ਦੀ ਸੋਸ਼ਲ ਮੀਡੀਆ ਅਤੇ ਕਾਨੂੰਨੀ ਹਲਕਿਆਂ ਵਿੱਚ ਕਾਫ਼ੀ ਸ਼ਲਾਘਾ ਹੋ ਰਹੀ ਹੈ। ਅਦਾਲਤੀ ਕਰਮਚਾਰੀਆਂ ਨੂੰ ਲੈ ਕੇ ਵੀ ਅਹਿਮ ਫੈਸਲਾ ਲਿਆ ਗਿਆ ਹੈ। ਨਵੇਂ ਨਿਯਮਾਂ ਅਨੁਸਾਰ, ਸੁਪਰੀਮ ਕੋਰਟ ਦੀ ਹਰ ਸ਼ਾਖਾ ਅਤੇ ਸੈਕਸ਼ਨ ਵਿੱਚ 50 ਫੀਸਦੀ ਤੱਕ ਕਰਮਚਾਰੀਆਂ ਨੂੰ ਹਫ਼ਤੇ ਵਿੱਚ ਦੋ ਦਿਨ ਘਰੋਂ ਕੰਮ (ਵਰਕ ਫਰਾਮ ਹੋਮ) ਕਰਨ ਦੀ ਇਜਾਜ਼ਤ ਦਿੱਤੀ ਗਈ ਹੈ।

ਕੇਰਲ : ਵੀ.ਡੀ. ਸਤੀਸ਼ਨ ਭਲਕੇ ਚੁੱਕਣਗੇ ਮੁੱਖ ਮੰਤਰੀ ਦੀ ਸਹੁੰ

ਨੈਸ਼ਨਲ ਡੈਸਕ 17 ਮਈ। ਕੇਰਲ ਵਿੱਚ ਇੱਕ ਵੱਡੇ ਸਿਆਸੀ ਬਦਲਾਅ ਦੇ ਨਾਲ, ਕਾਂਗਰਸ ਦੇ ਸੀਨੀਅਰ ਆਗੂ ਵੀ.ਡੀ. ਸਤੀਸ਼ਨ ਸੋਮਵਾਰ, 18 ਮਈ ਨੂੰ ਰਾਜ ਦੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕਣਗੇ। ਰਾਜ ਵਿੱਚ ਲਗਭਗ ਇੱਕ ਦਹਾਕੇ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਸੰਯੁਕਤ ਲੋਕਤੰਤਰੀ ਮੋਰਚਾ ਦੀ ਸੱਤਾ ਵਿੱਚ ਵਾਪਸੀ ਹੋ ਰਹੀ ਹੈ। ਇਹ ਸਹੁੰ ਚੁੱਕ ਸਮਾਰੋਹ ਤਿਰੂਵਨੰਤਪੁਰਮ ਦੇ ਸੈਂਟਰਲ ਸਟੇਡੀਅਮ ਵਿੱਚ ਆਯੋਜਿਤ ਕੀਤਾ ਜਾਵੇਗਾ, ਜਿੱਥੇ ਸਤੀਸ਼ਨ ਦੇ ਨਾਲ 20 ਹੋਰ ਮੰਤਰੀ ਵੀ ਆਪਣੇ ਅਹੁਦੇ ਦੀ ਸਹੁੰ ਚੁੱਕਣਗੇ। ਇਸ ਮਹੱਤਵਪੂਰਨ ਸਮਾਰੋਹ ਵਿੱਚ ਦੇਸ਼ ਭਰ ਤੋਂ ਕਈ ਪ੍ਰਮੁੱਖ ਸਿਆਸੀ ਹਸਤੀਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਕਾਂਗਰਸ ਦੇ ਉੱਚ ਪੱਧਰੀ ਆਗੂ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਵਾਡਰਾ ਅਤੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ, ਗੁਆਂਢੀ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਸਾਰੇ 140 ਵਿਧਾਇਕਾਂ ਨੂੰ ਵੀ ਸੱਦਾ ਪੱਤਰ ਭੇਜੇ ਗਏ ਹਨ। 61 ਸਾਲਾ ਵੀ.ਡੀ. ਸਤੀਸ਼ਨ ਪਿਛਲੇ ਪੰਜ ਸਾਲਾਂ ਤੋਂ ਵਿਰੋਧੀ ਧਿਰ ਦੇ ਨੇਤਾ ਵਜੋਂ ਸਰਗਰਮ ਸਨ। ਉਨ੍ਹਾਂ ਨੂੰ ਪਾਰਟੀ ਦੇ ਆਧਾਰ ਨੂੰ ਮਜ਼ਬੂਤ ਕਰਨ ਅਤੇ ਹਾਲ ਹੀ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਯੂਡੀਐਫ ਦੀ ਫੈਸਲਾਕੁੰਨ ਜਿੱਤ ਦਾ ਮੁੱਖ ਸੂਤਰਧਾਰ ਮੰਨਿਆ ਜਾ ਰਿਹਾ ਹੈ। ਇਸ ਜਿੱਤ ਨਾਲ ਉਨ੍ਹਾਂ ਨੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲੇ ਖੱਬੇ ਪੱਖੀ ਲੋਕਤੰਤਰੀ ਮੋਰਚੇ ਨੂੰ ਸੱਤਾ ਤੋਂ ਬੇਦਖ਼ਲ ਕਰ ਦਿੱਤਾ ਹੈ।

ਆਪ੍ਰੇਸ਼ਨ ਸਿੰਦੂਰ 'ਤੇ ਬੋਲੇ ਸੀ. ਡੀ. ਐੱਸ. ਜਨਰਲ ਚੌਹਾਨ, ਪਾਕਿ ਦੇ ਖ਼ਿਲਾਫ਼ ਸੰਘਰਸ਼ 'ਚ ਭਾਰਤ ਨੇ ਬਣਾਈ ਰੱਖਿਆ ਆਪਣਾ ਦਬਦਬਾ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 17 ਮਈ। ਚੀਫ ਆਫ਼ ਡਿਫੈਂਸ ਸਟਾਫ਼ (ਸੀ. ਡੀ. ਐੱਸ.) ਜਨਰਲ ਅਨਿਲ ਚੌਹਾਨ ਨੇ ਕਿਹਾ ਕਿ 'ਆਪ੍ਰੇਸ਼ਨ ਸਿੰਦੂਰ' ਦੌਰਾਨ ਭਾਰਤੀ ਸੁਰੱਖਿਆ ਫੋਰਸਾਂ ਕੋਲ ਸਥਿਤੀ ਦੀ ਚੰਗੀ ਜਾਣਕਾਰੀ ਅਤੇ ਜੰਗੀ ਖੇਤਰ 'ਚ ਬਿਹਤਰ ਪਾਰਦਰਸ਼ਿਤਾ ਸੀ ਅਤੇ ਉਨ੍ਹਾਂ ਨੇ ਪਾਕਿ ਦੇ ਖ਼?ਲਾਫ਼ ਸੰਘਰਸ਼ ਦੇ 'ਚਾਰੇ ਦਿਨ ਦਬਦਬਾ ਬਣਾਈ ਰੱਖਿਆ।' ਇੱਥੇ ਮਾਣਿਕ ਸ਼ਾਅ ਸੈਂਟਰ 'ਚ ਆਯੋਜਿਤ 'ਕਲਮ ਔਰ ਕਵਚ' ਰੱਖਿਆ ਸੰਮੇਲਨ 'ਚ ਇਕ ਗੱਲਬਾਤ ਸੈਸ਼ਨ ਦੌਰਾਨ ਉਨ੍ਹਾਂ ਦੀ ਇਹ ਟਿੱਪਣੀ, ਦੇਸ਼ ਅਤੇ ਸੁਰੱਖਿਆ ਫੋਰਸਾਂ ਵੱਲੋਂ 'ਆਪ੍ਰੇਸ਼ਨ ਸਿੰਧੂਰ' ਦੀ ਪਹਿਲੀ ਵਰ੍ਹੇਗੰਢ ਮਨਾਏ ਜਾਣ ਤੋਂ ਕੁਝ ਦਿਨ ਬਾਅਦ ਆਈ ਹੈ। ਜਨਰਲ ਚੌਹਾਨ ਨੇ ਇਕ ਸਵਾਲ ਦੇ ਜਵਾਬ 'ਚ ਕਿਹਾ, "ਚਾਰੇ ਦਿਨ ਅਸੀਂ ਸਥਿਤੀ ਦੀ ਵਿਆਪਕ ਜਾਣਕਾਰੀ ਕਾਰਨ ਤਣਾਅ ਦੇ ਪੱਧਰ 'ਤੇ ਹਰ ਤਰ੍ਹਾਂ ਨਾਲ ਆਪਣਾ

’ਨਾ ਖਰੀਦੋ ਸੋਨਾ...’ ਕਹਿਣ ਮਗਰੋਂ ਸਰਕਾਰ ਨੇ ਵਧਾ’ਤੀਆਂ ’ਕੀਮਤਾਂ’

ਕੌਮੀ ਪਤ੍ਰਿਕਾ

ਨਵੀਂ ਦਿੱਲੀ 17 ਮਈ। ਕੇਂਦਰ ਸਰਕਾਰ ਨੇ ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਬਚਾਉਣ ਅਤੇ ਵਧਦੇ ਜਾ ਰਹੇ ਵਪਾਰਕ ਘਾਟੇ ਨੂੰ ਰੋਕਣ ਲਈ ਸੋਨੇ ਅਤੇ ਚਾਂਦੀ ’ਤੇ ਇੰਪੋਰਟ ਡਿਊਟੀ ’ਚ ਭਾਰੀ ਵਾਧਾ ਕਰ ਦਿੱਤਾ ਹੈ। ਹੁਣ ਸੋਨੇ ’ਤੇ ਕੁੱਲ ਟੈਕਸ 6 ਫ਼ੀਸਦੀ ਤੋਂ ਵਧ ਕੇ 15 ਫ਼ੀਸਦੀ ਹੋ ਗਿਆ ਹੈ, ਜਿਸ ਨਾਲ ਘਰੇਲੂ ਬਾਜ਼ਾਰ ਵਿੱਚ ਸੋਨੇ ਦੀਆਂ ਕੀਮਤਾਂ ਵਿੱਚ ਵੱਡਾ ਉਛਾਲ ਆਉਣ ਦੀ ਸੰਭਾਵਨਾ ਹੈ। ਸਰਕਾਰ ਦੇ ਇਸ ਸਖ਼ਤ ਕਦਮ ਦੇ ਪਿੱਛੇ ਕਈ ਵੱਡੇ ਕਾਰਨ ਹਨ, ਜਿਨ੍ਹਾਂ ’ਚੋਂ ਸਭ ਤੋਂ ਵੱਡਾ ਕਾਰਨ ਅਮਰੀਕਾ-ਇਰਾਨ ਦੀ ਜੰਗ ਹੈ। ਮਿਡਲ ਈਸਟ ’ਚ ਚੱਲ ਰਹੀ ਜੰਗ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਭਾਰਤ ਨੂੰ ਤੇਲ ਖਰੀਦਣ ਲਈ ਵੱਡੀ ਮਾਤਰਾ ਵਿੱਚ ਡਾਲਰਾਂ ਦੀ ਲੋੜ ਹੈ। ਸੋਨਾ ਖਰੀਦਣ ਲਈ ਭਾਰਤ ਨੂੰ ਵਿਦੇਸ਼ਾਂ ਵਿੱਚ ਡਾਲਰ ਭੇਜਣੇ ਪੈਂਦੇ ਹਨ। ਡਿਊਟੀ ਵਧਾ ਕੇ ਸਰਕਾਰ ਚਾਹੁੰਦੀ ਹੈ ਕਿ ਲੋਕ ਸੋਨੇ ਦੀ ਖਰੀਦ ਘੱਟ ਕਰਨ ਤਾਂ ਜੋ ਡਾਲਰ ਦੇਸ਼ ਦੇ ਅੰਦਰ ਹੀ ਰਹਿਣ ਦੇਸ਼ ’ਚ ਤੇਲ-ਗੈਸ ਦੀ ਕਿੱਲਤ ਨਾ ਆਵੇ। ਇਸ ਤੋਂ ਇਲਾਵਾ ਡਿੱਗਦਾ ਰੁਪਿਆ ਵੀ ਸਰਕਾਰ ਦੇ ਇਸ ਫ਼ੈਸਲੇ ਪਿੱਛੇ ਦਾ ਅਹਿਮ ਕਾਰਨ ਹੈ। ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ ਲਗਾਤਾਰ ਡਿੱਗ ਰਹੀ ਹੈ। ਬੀਤੇ ਦਿਨ ਭਾਰਤੀ ਰੁਪਿਆ ਡਾਲਰ ਦੇ ਮੁਕਾਬਲੇ ਇਤਿਹਾਸਕ ਪੱਧਰ ਤੱਕ ਡਿੱਗ ਗਿਆ ਤੇ 95.75 ਰੁਪਏ ਪ੍ਰਤੀ ਡਾਲਰ ਤੱਕ ਪਹੁੰਚ ਗਿਆ, ਜਿਸ ਨੂੰ ਸੰਭਾਲਣ ਲਈ ਇਹ ਕਦਮ ਜ਼ਰੂਰੀ ਸੀ। ਹਾਲਾਂਕਿ ਇਸ ਫੈਸਲੇ ਤੋਂ ਕੁਝ ਦਿਨ ਪਹਿਲਾਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਕੁਝ ਖ਼ਾਸ ਅਪੀਲਾਂ ਕੀਤੀਆਂ ਸਨ। ਪੀ.ਐੱਮ. ਨੇ ਲੋਕਾਂ ਨੂੰ ਅਪੀਲ ਕੀਤੀ ਕਿ ਘੱਟੋ-ਘੱਟ ਇੱਕ ਸਾਲ ਲਈ ਸੋਨੇ ਦੀ ਖਰੀਦ ਟਾਲ ਦਿੱਤੀ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜਦੋਂ ਤੱਕ ਜ਼ਰੂਰੀ ਨਾ ਹੋਵੇ, ਉਦੋਂ ਤੱਕ ਵਿਦੇਸ਼ ਜਾਣ ਦੀ ਬਜਾਏ ਭਾਰਤ ਵਿੱਚ ਹੀ ਘੁੰਮਣ ਦਾ ਪ੍ਰੋਗਰਾਮ ਬਣਾਓ,

ਤਾਂ ਜੋ ਦੇਸ਼ ਦਾ ਪੈਸਾ ਦੇਸ਼ ’ਚ ਹੀ ਰਹੇ। ਜੰਗ ਕਾਰਨ ਦੁਨੀਆ ਭਰ ’ਚ ਚੱਲ ਰਹੀ ਤੇਲ-ਗੈਸ ਦੀ ਕਿੱਲਤ ਦੌਰਾਨ ਉਨ੍ਹਾਂ ਨੇ ਤੇਲ ਦੀ ਬਚਤ ਲਈ ਕੰਪਨੀਆਂ ਨੂੰ ਮੁੜ ’ਵਰਕ ਫਰੌਮ ਹੋਮ’ ਅਪਣਾਉਣ ਦੀ ਸਲਾਹ ਦਿੱਤੀ ਹੈ, ਤਾਂ ਜੋ ਦਫ਼ਤਰ ਆਉਣ-ਜਾਣ ’ਚ ਖ਼ਪਤ ਹੋਣ ਵਾਲਾ ਤੇਲ ਬਚਾਇਆ ਜਾ ਸਕੇ। ਮਾਹਿਰਾਂ ਅਨੁਸਾਰ ਸਰਕਾਰ ਦੇ ਸੋਨੇ ’ਤੇ ਇੰਪੋਰਟ ਡਿਊਟੀ ਵਧਾਏ ਜਾਣ ਦੇ ਫੈਸਲੇ ਮਗਰੋਂ ਜੇਕਰ ਤੁਸੀਂ ਹੁਣ ਸੋਨਾ ਖਰੀਦਦੇ ਹੋ, ਤਾਂ ਤੁਹਾਨੂੰ ਪ੍ਰਤੀ 10 ਗ੍ਰਾਮ ’ਤੇ ਹਜ਼ਾਰਾਂ ਰੁਪਏ ਜ਼ਿਆਦਾ ਖਰਚਣੇ ਪੈਣਗੇ ਤੇ ਚਾਂਦੀ ਦੀਆਂ ਕੀਮਤਾਂ ’ਚ ਵੀ ਭਾਰੀ ਵਾਧਾ ਦੇਖਿਆ ਜਾਵੇਗਾ।

ਕਾਰ, ਮੋਟਰਸਾਈਕਲ ਤੇ ਸਕੂਟਰੀ ਦੀ ਟੱਕਰ ’ਚ ਮਾਂ-ਧੀ ਤੇ ਇਕ ਬਜ਼ੁਰਗ ਜ਼ਖਮੀ

ਬਟਾਲਾ 17 ਮਈ। ਫਤਿਹਗੜ੍ਹ ਚੂੜੀਆਂ-ਡੇਰਾ ਬਾਬਾ ਨਾਨਕ ਰੋਡ ’ਤੇ ਕਾਰ, ਮੋਟਰਸਾਈਕਲ ਅਤੇ ਸਕੂਟਰੀ ਦੀ ਟੱਕਰ ’ਚ ਮਾਂ-ਧੀ ਅਤੇ ਇਕ ਬਜ਼ੁਰਗ ਦੇ ਗੰਭੀਰ ਰੂਪ ’ਚ ਜ਼ਖਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਖਮੀਆਂ ਨੂੰ ਫਤਿਹਗੜ੍ਹ ਚੂੜੀਆਂ ਦੇ ਇਕ ਨਿੱਜੀ ਹਸਪਤਾਲ ’ਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਖਮੀ ਔਰਤ ਗੁਰਮੀਤ ਕੌਰ ਪਤਨੀ ਸੁਖਰਾਜ ਸਿੰਘ ਵਾਸੀ ਪਿੰਡ ਪੰਧੇਰ ਕਲਾਂ ਨੇ ਦੱਸਿਆ ਕਿ ਉਹ ਆਪਣੀ ਧੀ ਕੋਮਲਪ੍ਰੀਤ ਕੌਰ ਨਾਲ ਸਕੂਟਰੀ ’ਤੇ ਸਵਾਰ ਹੋ ਕੇ ਫਤਿਹਗੜ੍ਹ ਚੂੜੀਆਂ ਨੂੰ ਜਾ ਰਹੇ ਸਨ। ਜਦੋਂ ਉਹ ਫਤਿਹਗੜ੍ਹ ਚੂੜੀਆਂ ਡੇਰਾ ਬਾਬਾ ਨਾਨਕ ਰੋਡ ’ਤੇ ਪਹੁੰਚੇ ਤਾਂ ਇਕ ਤੇਜ਼ ਰਫਤਾਰ ਕਾਰ ਨੇ ਉਨ੍ਹਾਂ ਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਅਤੇ ਇਕ ਮੋਟਰਸਾਈਕਲ ਸਵਾਰ ਬਜ਼ੁਰਗ ਵਿਅਕਤੀ ਕਾਰ ਦੀ ਲਪੇਟ ’ਚ ਆਉਣ ਨਾਲ ਜ਼ਖਮੀ ਹੋ ਗਏ। ਇਸ ਮੌਕੇ ਸਥਾਨਕ ਲੋਕਾਂ ਵੱਲੋਂ ਤਿੰਨ ਜ਼ਖਮੀਆਂ ਨੂੰ ਇਲਾਜ ਲਈ ਫਤਿਹਗੜ੍ਹ ਚੂੜੀਆਂ ਦੇ ਇਕ ਨਿੱਜੀ ਹਸਪਤਾਲ ’ਚ ਦਾਖਲ ਕਰਵਾਇਆ ਗਿਆ, ਜਿਥੇ ਬਜ਼ੁਰਗ ਸਰੂਪ ਸਿੰਘ ਵਾਸੀ ਪਿੰਡ ਸ਼ਾਹਪੁਰ ਜਾਜਨ ਦੀ ਹਾਲਤ ਗੰਭੀਰ ਬਣੀ ਹੋਈ ਹੈ। ਦੂਜੇ ਪਾਸੇ ਘਟਨਾ ਦੀ ਸੂਚਨਾ ਤੋਂ ਬਾਅਦ ਥਾਣਾ ਫਤਿਹਗੜ੍ਹ ਚੂੜੀਆਂ ਦੇ ਏ. ਐੱਸ. ਆਈ. ਬਲਵਿੰਦਰ ਸਿੰਘ ਨੇ ਪੁਲਸ ਪਾਰਟੀ ਸਮੇਤ ਮੌਕੇ ’ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਵਾਹਨ ਚਾਲਕ ਸਾਵਧਾਨ ! ਹੁਣ ਨਾਕੇ ਲਾ ਕੇ ਜ਼ਬਤ ਕੀਤੀਆਂ ਜਾਣਗੀਆਂ ਇਹ ਗੱਡੀਆਂ

ਕੌਮੀ ਪਤ੍ਰਿਕਾ

ਲੁਧਿਆਣਾ 17 ਮਈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ 2025 ਦੇ ਸੀ.ਡਬਲਯੂ.ਪੀ-ਪੀ.ਐਲ.ਆਈ ਨੰਬਰ 291 ਵਿਚ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਟਰਾਂਸਪੋਰਟ ਵਿਭਾਗ ਨੇ ਦੱਸਿਆ ਹੈ ਕਿ ਜ਼ਿਲ੍ਹੇ ਵਿਚ ਰਜਿਸਟਰਡ ਕਈ ਵਾਹਨਾਂ ਨੂੰ ਸਰਕਾਰੀ ਬਕਾਏ ਦੀ ਅਦਾਇਗੀ ਨਾ ਕਰਨ, ਬਕਾਇਆ ਰਿਕਵਰੀ ਕਾਰਵਾਈਆਂ ਅਤੇ ਅਦਾਇਗੀ ਨਾ ਕੀਤੇ ਗਏ ਟ?ਰੈਫਿਕ ਚਲਾਨਾਂ ਕਾਰਨ ਬਲੈਕਲਿਸਟ ਕੀਤਾ ਗਿਆ ਹੈ। ਵਿਭਾਗ ਦੇ ਇਕ ਬੁਲਾਰੇ ਨੇ ਦੱਸਿਆ ਕਿ ਅਜਿਹੇ ਬਲੈਕਲਿਸਟ ਕੀਤੇ ਵਾਹਨਾਂ ਦੇ ਸਾਰੇ ਰਜਿਸਟਰਡ ਮਾਲਕਾਂ, ਅਤੇ ਨਾਲ ਹੀ ਡਿਫਾਲਟਰਾਂ ਜਿਨ੍ਹਾਂ ਵਿਰੁੱਧ ਰਿਕਵਰੀ ਕਾਰਵਾਈਆਂ ਲੰਬਿਤ ਹਨ, ਨੂੰ ਬਕਾਇਆ ਚਾਲਾਨ ਤੁਰੰਤ ਕਲੀਅਰ ਕਰਨ ਅਤੇ ਸਬੰਧਤ ਅਧਿਕਾਰੀਆਂ ਨਾਲ ਆਪਣੇ ਕੇਸਾਂ ਨੂੰ ਬਿਨਾਂ ਦੇਰੀ ਦੇ ਨਿਯਮਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਅਧਿਕਾਰੀ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਵਿਚ ਪੁਲਸ ਵਿਭਾਗ ਅਤੇ ਟਰਾਂਸਪੋਰਟ ਵਿਭਾਗ ਵੱਲੋਂ ਸਾਂਝੇ ਤੌਰ ’ਤੇ ਇਕ ਵਿਸ਼ੇਸ਼ ਇਨਫੋਰਸਮੈਂਟ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦੌਰਾਨ ਸੜਕਾਂ ’ਤੇ ਚੱਲਦੇ ਪਾਏ ਜਾਣ ਵਾਲੇ ਕਿਸੇ ਵੀ ਬਲੈਕਲਿਸਟ ਕੀਤੇ ਵਾਹਨ ਨੂੰ ਮੋਟਰ ਵਹੀਕਲ ਐਕਟ, 1988 ਦੇ ਸਬੰਧਿਤ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਜ਼ਬਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਬਲੈਕਲਿਸਟ ਕੀਤੇ ਵਾਹਨਾਂ ਅਤੇ ਬਕਾਇਆ ਰਿਕਵਰੀ ਡਿਫਾਲਟਰਾਂ ਦੀ ਸੂਚੀ ਖੇਤਰੀ ਟਰਾਂਸਪੋਰਟ ਅਫਸਰ (ਆਰਟੀਓ), ਲੁਧਿਆਣਾ ਦੇ ਦਫ਼ਤਰ ਵਿਖੇ ਜਨਤਕ ਨਿਰੀਖਣ ਲਈ

ਉਪਲਬਧ ਹੈ ਅਤੇ ਜ਼ਿਲ੍ਹਾ ਲੁਧਿਆਣਾ ਦੇ ਸਬੰਧਤ ਉਪ-ਮੰਡਲ ਮੈਜਿਸਟ?ਰੇਟ (ਐਸਡੀਐਮ) ਦੇ ਦਫ਼ਤਰਾਂ ਵਿੱਚ ਵੀ ਪ੍ਰਦਰਸ਼ਿਤ ਕੀਤੀ ਜਾਵੇਗੀ। ਸਾਰੇ ਸਬੰਧਤ ਵਾਹਨ ਮਾਲਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੇ ਵਾਹਨਾਂ ਦੀ ਸਥਿਤੀ ਦੀ ਪੁਸ਼ਟੀ ਕਰਨ ਅਤੇ ਕਾਨੂੰਨੀ ਕਾਰਵਾਈ ਅਤੇ ਜ਼ਬਤ ਕਰਨ ਦੀ ਕਾਰਵਾਈ ਤੋਂ ਬਚਣ ਲਈ ਤੁਰੰਤ ਪਾਲਣਾ ਨੂੰ ਯਕੀਨੀ ਬਣਾਉਣ।

ਫਿਰੌਤੀ ਦੀ ਮੰਗ ਨੂੰ ਲੈ ਕੇ ਅਣਪਛਾਤੇ ਵਿਅਕਤੀਆਂ ਨੇ ਕਰਿਆਣਾ ਸਟੋਰ ਦੇ ਮਾਲਕ ’ਤੇ ਚਲਾਈ ਗੋਲੀ

ਬਟਾਲਾ 17 ਮਈ। ਬਟਾਲਾ ਦੇ ਡੇਰਾ ਬਾਬਾ ਨਾਨਕ ਰੋਡ ’ਤੇ ਸਥਿਤ ਐੱਮ.ਐੱਸ ਕਰਿਆਣਾ ਸਟੋਰ ਦੇ ਮਾਲਕ ’ਤੇ ਦੋ ਅਣਪਛਾਤੇ ਵਿਅਕਤੀਆਂ ਵੱਲੋਂ ਫਿਰੌਤੀ ਦੀ ਮੰਗ ਨੂੰ ਲੈ ਕੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਹਾਲਾਂਕਿ ਇਸ ਘਟਨਾ ’ਚ ਕਿਸਾ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਗੋਲੀ ਚਲਾਉਣ ਆਏ ਅਣਪਛਾਤੇ ਵਿਅਕਤੀ ਮੌਕੇ ਤੋਂ ਫਰਾਰ ਹੋ ਗਏ। ਓਧਰ ਦੂਜੇ ਪਾਸੇ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸਿਵਲ ਲਾਈਨ ਦੇ ਐੱਸ. ਐੱਚ. ਓ. ਗੁਰਮੀਤ ਸਿੰਘ ਨੇ ਪੁਲਸ ਪਾਰਟੀ ਸਮੇਤ ਘਟਨਾਸਥਲ ’ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ

ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਐੱਚ. ਓ. ਗੁਰਮੀਤ ਸਿੰਘ ਨੇ ਦੱਸਿਆ ਕਿ ਐੱਮ. ਐੱਸ. ਕਰਿਆਣਾ ਸਟੋਰ ਦੇ ਮਾਲਕ ਨੂੰ ਬੀਤੇ ਦਿਨੀਂ ਇਕ ਗੈਂਗਸਟਰ ਵਲੋਂ ਵਿਦੇਸ਼ੀ ਨੰਬਰ ਤੋਂ ਫੋਨ ਕਰ ਕੇ ਫਿਰੌਤੀ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਅੱਜ ਸ਼ਾਮ ਸਮੇਂ ਉਕਤ ਕਰਿਆਣਾ ਸਟੋਰ ਦੇ ਮਾਲਕ ਆਪਣੀ ਦੁਕਾਨ ’ਤੇ ਬੈਠੇ ਹੋਏ ਸਨ ਕਿ ਇਸ ਦੌਰਾਨ ਮੋਟਰਸਾਈਕਲ ’ਤੇ ਸਵਾਰ ਹੋ ਕੇ ਆਏ 2 ਅਣਪਛਾਤੇ ਵਿਅਕਤੀ ਉਨ੍ਹਾਂ ਦੀ ਦੁਕਾਨ ’ਚ ਦਾਖਲ ਹੋਏ ਅਤੇ ਉਨ੍ਹਾਂ ਵਲੋਂ ਕਰਿਆਣਾ ਸਟੋਰ ਦੇ ਮਾਲਕ ’ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਗੋਲੀ ਨਹੀਂ ਚੱਲੀ ਅਤੇ ਉਕਤ ਵਿਅਕਤੀ ਮੌਕੇ ਤੋਂ ਫਰਾਰ ਹੋ ਗਏ। ਉਨ੍ਹਾਂ ਕਿਹਾ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਉਨ੍ਹਾਂ ਪੁਲਸ ਪਾਰਟੀ ਸਮੇਤ ਮੌਕੇ ’ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਆਸ ਪਾਸ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਸ ਵਲੋਂ ਗੋਲੀ ਚਲਾਉਣ ਵਾਲੇ ਅਣਪਛਾਤੇ ਵਿਅਕਤੀਆਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਗੁਰਦਾਸਪੁਰ ਪੁਲਸ ਨੇ ਛਾਪੇਮਾਰੀ ਦੌਰਾਨ 2 ਲੱਖ 37 ਹਜ਼ਾਰ ਰੁਪਏ ਸਮੇਤ 9 ਮੁਲਜ਼ਮ ਕੀਤੇ ਗ੍ਰਿਫਤਾਰ

ਗੁਰਦਾਸਪੁਰ 17 ਮਈ। ਗੁਰਦਾਸਪੁਰ ਪੁਲਸ ਵੱਲੋਂ ਪਿੰਡ ਫੱਤੇਨੰਗਲ ਵਿਖੇ ਰੇਡ ਕਰਕੇ 2 ਲੱਖ 37 ਹਜ਼ਾਰ ਰੁਪਏ ਦੀ ਨਕਦੀ ਅਤੇ 52 ਤਾਸ਼ ਦੇ ਪੱਤਿਆਂ ਸਮੇਤ 9 ਦੋਸ਼ੀਆਂ ਨੂੰ ਕਾਬੂ ਕਰਕੇ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਐੱਸ.ਐੱਸ.ਪੀ ਆਦਿੱਤਿਆ ਨੇ ਦੱਸਿਆ ਕਿ ਗੁਰਦਾਸਪੁਰ ਪੁਲਸ ਵੱਲੋਂ ਮਾੜੇ ਅਨਸਰਾਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਖ਼?ਲਾਫ਼

ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਪੁਲਸ ਨੂੰ ਇਕ ਵੱਡੀ ਸਫਲਤਾ ਹਾਸਲ ਹੋਈ ਹੈ। ਉਨ੍ਹਾਂ ਦੱਸਿਆ ਕਿ ਥਾਣਾ ਧਾਰੀਵਾਲ ਦੇ ਇਲਾਕੇ ਵਿਚ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਪਿੰਡ ਫੱਤੇਨੰਗਲ ਵਿਖੇ ਕੁਝ ਵਿਅਕਤੀ ਜੂਆ ਖੇਡ ਰਹੇ ਹਨ ਅਤੇ ਭੋਲੇ-ਭਾਲੇ ਲੋਕਾਂ ਨਾਲ ਧੋਖਾਧੜੀ ਕਰ ਰਹੇ ਹਨ। ਇਸ ਸੂਚਨਾ ਦੇ ਆਧਾਰ ’ਤੇ ਥਾਣਾ ਧਾਰੀਵਾਲ ਦੀ ਪੁਲਸ ਪਾਰਟੀ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਮੌਕੇ ’ਤੇ ਰੇਡ ਕੀਤੀ ਗਈ। ਰੇਡ ਦੌਰਾਨ ਪੁਲਸ ਨੇ ਜੂਆ ਖੇਡ ਰਹੇ 9 ਵਿਅਕਤੀਆਂ ਨੂੰ ਕਾਬੂ ਕੀਤਾ। ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਪਹਿਚਾਣ ਕਮਾਲਾ ਭੱਟੀ ਪੁੱਤਰ ਦਲੇਰ ਭੱਟੀ ਵਾਸੀ ਬਟਾਲਾ, ਜੋਨ ਪੁੱਤਰ ਵਿਕਸਨ ਵਾਸੀ ਲੰਗਾਹ, ਰਾਜਨ ਭੱਟੀ ਪੁੱਤਰ ਅਮਰਜੀਤ ਵਾਸੀ ਸਿਟੀ ਬਟਾਲਾ, ਮਨੀ ਸ਼ਰਮਾ ਪੁੱਤਰ ਸਰਬਜੀਤ ਸ਼ਰਮਾ ਵਾਸੀ ਬਟਾਲਾ, ਰਵੀ ਕੁਮਾਰ ਪੁੱਤਰ ਕਸਤੂਰੀ ਲਾਲ ਵਾਸੀ ਧਾਰੀਵਾਲ, ਰਜਤ ਪੁੱਤਰ ਦੇਸ ਰਾਜ ਵਾਸੀ ਧਾਰੀਵਾਲ, ਆਦਿੱਤਿਆ ਮਹਾਜਨ ਪੁੱਤਰ ਸੁਰੇਸ਼ ਕੁਮਾਰ ਵਾਸੀ ਧਾਰੀਵਾਲ, ਲੱਕੀ ਪੁੱਤਰ ਕਿਸ਼ੋਰ ਮਸੀਹ ਵਾਸੀ ਧਾਰੀਵਾਲ ਅਤੇ ਰਜੇਸ਼ ਕੁਮਾਰ ਪੁੱਤਰ ਚੰਚਲ ਨਾਥ ਵਾਸੀ ਮਾਡਲ ਟਾਊਨ ਧਾਰੀਵਾਲ ਵਜੋਂ ਹੋਈ ਹੈ। ਪੁਲਸ ਵੱਲੋਂ ਮੌਕੇ ਤੋਂ 2 ਲੱਖ 37 ਹਜ਼ਾਰ ਰੁਪਏ ਦੀ ਭਾਰਤੀ ਕਰੰਸੀ ਅਤੇ 52 ਤਾਸ਼ ਦੇ ਪੱਤੇ ਬਰਾਮਦ ਕੀਤੇ ਗਏ। ਇਸ ਸਬੰਧੀ ਦੋਸ਼ੀਆਂ ਖ਼?ਲਾਫ਼ ਥਾਣਾ ਧਾਰੀਵਾਲ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ।

ਪੁਰਾਣੀ ਰੰਜਿਸ਼ ਦੇ ਚਲਦਿਆਂ ਨੌਜਵਾਨ ਨੂੰ ਮਾਰੀ ਗੋਲੀ, ਹਮਲਾਵਰ ਮੌਕੇ ’ਤੇ ਫਰਾਰ

ਗੁਰਦਾਸਪੁਰ 17 ਮਈ। ਸਥਾਨਕ ਬਬਰੀ ਬਾਈਪਾਸ ਹਾਈਟੈਕ ਨਾਕੇ ਨੇੜੇ ਕੁਝ ਵਿਅਕਤੀਆਂ ਵੱਲੋਂ ਨੌਸ਼ਹਿਰਾ ਮੱਝਾ ਸਿੰਘ ਵਾਸੀ ਸਰਵਜੀਤ ਸਿੰਘ ਨੂੰ ਗੋਲੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਗੋਲੀ ਲੱਗਣ ਕਾਰਨ ਸਰਵਜੀਤ ਸਿੰਘ ਜ਼ਖ਼ਮੀ ਹੋ ਗਿਆ, ਜਦਕਿ ਹਮਲਾਵਰ ਮੌਕੇ ਤੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਕਰਮਚਾਰੀਆਂ ਵੱਲੋਂ ਜ਼ਖ਼ਮੀ ਸਰਵਜੀਤ ਸਿੰਘ ਨੂੰ ਤੁਰੰਤ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ। ਪੁਲਸ ਅਨੁਸਾਰ ਗੋਲੀ ਮਾਰਨ ਦੀ ਘਟਨਾ ਪੁਰਾਣੀ ਰੰਜਿਸ਼ ਕਾਰਨ ਵਾਪਰੀ ਦੱਸੀ ਜਾ ਰਹੀ ਹੈ। ਪੁਲਸ ਨੇ ਮਾਮਲਾ ਦਰਜ ਕਰਕੇ ਹਮਲਾਵਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਪੁਰਵਾਂਚਲ ਐਕਸਪ੍ਰੈਸ-ਵੇਅ ’ਤੇ 5 ਲੋਕਾਂ ਦੀ ਦਰਦਨਾਕ ਮੌਤ, ਪੈ ਗਿਆ ਚੀਕ-ਚਿਹਾੜਾ

ਨੈਸ਼ਨਲ ਡੈਸਕ 17 ਮਈ। ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਵਿੱਚ ਪੁਰਵਾਂਚਲ ਐਕਸਪ੍ਰੈਸ-ਵੇਅ ’ਤੇ ਸ਼ਨੀਵਾਰ ਨੂੰ ਇੱਕ ਬਹੁਤ ਹੀ ਭਿਆਨਕ ਸੜਕ ਹਾਦਸਾ ਵਾਪਰਿਆ, ਜਿਸ ਵਿੱਚ ਪੰਜ ਲੋਕਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਇੱਕ ਤੇਜ਼ ਰਫ਼ਤਾਰ ਕਾਰ ਬੇਕਾਬੂ ਹੋ ਕੇ ਅੱਗੇ ਜਾ ਰਹੇ ਇੱਕ ਕੰਟੇਨਰ ਵਿੱਚ ਜਾ ਵੜੀ। ਜਾਣਕਾਰੀ ਅਨੁਸਾਰ, ਇਹ ਹਾਦਸਾ ਥਾਣਾ ਕੰਧਰਾਪੁਰ ਖੇਤਰ ਵਿੱਚ ਪੁਰਵਾਂਚਲ ਐਕਸਪ੍ਰੈਸ-ਵੇਅ ਦੇ ਮੀਲ ਪੱਥਰ 238 ਦੇ ਨੇੜੇ ਵਾਪਰਿਆ. ਦੱਸਿਆ ਜਾ ਰਿਹਾ ਹੈ ਕਿ ਕਾਰ ਦੀ ਰਫ਼ਤਾਰ

ਪੰਜਾਬ ਪੁਲਸ ਨੇ ਖ਼ਤਰਨਾਕ ਸ਼ੂਟਰਾਂ ਦਾ ਕੀਤਾ ਐਨਕਾਊਂਟਰ, ਫਿਲਮੀ ਸੀਨ ਵਾਂਗ ਹੋਈ ਮੁੱਠਭੇੜ

ਕੌਮੀ ਪਤ੍ਰਿਕਾ

ਤਰਨਤਾਰਨ 17 ਮਈ। ਥਾਣਾ ਵਲਟੋਹਾ ਅਧੀਨ ਆਉਂਦੇ ਪਿੰਡ ਆਸਲ ਉਤਾੜ ਵਿਖੇ ਗੈਂਗਸਟਰ ਪ੍ਰਭ ਦਾਸੂਵਾਲ ਦੇ ਤਿੰਨ ਸ਼ੂਟਰਾਂ ਅਤੇ ਪੁਲਸ ਦਰਮਿਆਨ ਮੁੱਠਭੇੜ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੌਰਾਨ ਪੁਲਸ ਦੀ ਜਵਾਬੀ ਫਾਇਰਿੰਗ ਵਿਚ 4 ਮੁਲਜ਼ਮ ਜ਼ਖਮੀ ਹੋ ਗਏ ਹਨ। ਪੁਲਸ ਨੇ ਮੁਲਜ਼ਮਾਂ ਪਾਸੋਂ ਇਕ ਪਿਸਤੌਲ ਅਤੇ ਮੋਟਰਸਾਈਕਲ ਬਰਾਮਦ ਕਰਦੇ ਹੋਏ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਥਾਣਾ ਵਲਟੋਹਾ ਦੀ ਪੁਲਸ ਨੂੰ ਸੂਚਨਾ ਪ੍ਰਾਪਤ ਹੋਈ ਸੀ ਕਿ ਇਲਾਕੇ ਵਿਚ ਪ੍ਰਭ ਦਾਸੂਵਾਲ ਗੈਂਗਸਟਰ ਦੇ ਗੁਰਗੇ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿਚ ਹਨ। ਜਿਸ ਦੇ ਚੱਲਦਿਆਂ ਪਿੰਡ ਆਸਲ ਉਤਾੜ ਪਟੜੀ ਦੇ ਨਜ਼ਦੀਕ ਕੀਤੀ ਗਈ ਨਾਕੇਬੰਦੀ ਦੌਰਾਨ ਮੋਟਰਸਾਈਕਲ ਸਵਾਰਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ। ਇਸ ਤੋਂ ਬਾਅਦ ਮੁਲਜ਼ਮਾਂ ਵੱਲੋਂ ਪੁਲਸ ਪਾਰਟੀ ਉੱਪਰ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ ਗਈ। ਹਰਕਤ ਵਿਚ ਆਉਂਦੇ ਹੋਏ ਪੁਲਸ ਵੱਲੋਂ ਮੁਲਜ਼ਮਾਂ ਦਾ ਪਿੱਛਾ ਕੀਤਾ ਗਿਆ, ਪ੍ਰੰਤੂ ਮੁਲਜ਼ਮਾਂ ਨੇ ਪੁਲਸ ਉੱਪਰ ਫਾਇਰਿੰਗ ਜਾਰੀ ਰੱਖੀ। ਇਸ ਸਬੰਧੀ ਪੁਲਸ ਨੇ ਮੁਲਜ਼ਮਾਂ ਉੱਪਰ ਜਵਾਬੀ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ ਜਿਸ ਦੇ ਚਲਦਿਆਂ ਦੋ ਮੁਲਜ਼ਮ ਲੱਤਾਂ ਵਿਚ ਗੋਲੀ ਲੱਗਣ ਨਾਲ ਜ਼ਖਮੀ ਹੋ ਗਏ। ਜਿਨ੍ਹਾਂ ਦੀ ਪਛਾਣ ਆਕਾਸ਼ਦੀਪ ਸਿੰਘ ਅਤੇ ਸੰਨੀ ਵਜੋਂ ਹੋਈ ਹੈ ਜਿਨ੍ਹਾਂ ਪਾਸੋਂ ਇਕ ਪਿਸਤੌਲ ਅਤੇ ਮੋਟਰਸਾਈਕਲ ਬਰਾਮਦ ਕਰਦੇ

ਹੋਏ ਪੁਲਸ ਨੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਐੱਸਐੱਸਪੀ ਸੁਰਿੰਦਰ ਲਾਂਬਾ ਨੇ ਦੱਸਿਆ ਕਿ ਥਾਣਾ ਵਲਟੋਹਾ ਦੀ ਪੁਲਸ ਨੂੰ ਸੂਚਨਾ ਮਿਲਣ ਤੋਂ ਬਾਅਦ ਇਲਾਕੇ ਵਿਚ ਨਾਕਾਬੰਦੀ ਕੀਤੀ ਗਈ ਸੀ ਜਿਸ ਦੇ ਚੱਲਦਿਆਂ ਇਕ ਮੋਟਰਸਾਈਕਲ ਉੱਪਰ ਸਵਾਰ ਦੋ ਮੁਲਜ਼ਮਾਂ ਵੱਲੋਂ ਪੁਲਸ ਵੱਲੋਂ ਰੁਕਣ ਦਾ ਇਸ਼ਾਰਾ ਕਾਰਨ ਉਪਰੰਤ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ ਗਈ। ਜਿਸ ਦੇ ਜਵਾਬ ਵਿਚ ਪੁਲਸ ਨੇ ਜਦੋਂ ਫਾਇਰ ਕੀਤੇ ਤਾਂ ਉਹ ਦੋਵੇਂ ਜ਼ਖਮੀ ਹੋ ਗਏ ਜਿਨ੍ਹਾਂ ਦੀ ਪਛਾਣ ਆਕਾਸ਼ ਦੀਪ ਸਿੰਘ ਅਤੇ ਸੰਨੀ ਵਜੋਂ ਹੋਈ ਹੈ। ਐੱਸਐੱਸਪੀ ਨੇ ਦੱਸਿਆ ਕਿ ਇਸ ਦੌਰਾਨ ਵਾਰਦਾਤ ਵਾਲੀ ਜਗ?ਹਾ ਉੱਪਰ ਮੌਜੂਦ ਪੁਲਸ ਪਾਰਟੀ ਜਦੋਂ ਕਰਾਈਮ ਸੀਨ ਟੀਮ ਦਾ ਇੰਤਜ਼ਾਰ ਕਰ ਰਹੀ ਸੀ ਤਾਂ ਇਕ ਮੋਟਰਸਾਈਕਲ ਉੱਪਰ ਸਵਾਰ ਹੋ ਕੇ ਦੋ ਮੁਲਜ਼ਮ ਮੌਕੇ 'ਤੇ ਆਏ ਜਿੰਨਾਂ ਵੱਲੋਂ ਆਪਣੇ ਸਾਥੀਆਂ ਨੂੰ ਛਡਾਉਣ ਦੀ ਕੋਸ਼ਿਸ਼ ਦੇ ਮਕਸਦ ਨਾਲ ਪੁਲਸ ਉੱਪਰ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ ਗਈ। ਜਿਸ ਦੇ ਜਵਾਬ ਵਿੱਚ ਪੁਲਸ ਵੱਲੋਂ ਕੀਤੀ ਗਈ ਫਾਇਰਿੰਗ ਦੇ ਚਲਦਿਆਂ ਉਹ ਦੋਵੇਂ ਮੁਲਜ਼ਮ ਵੀ ਜ਼ਖਮੀ ਹੋ ਗਏ। ਜਿਨ੍ਹਾਂ ਦੀ ਪਛਾਣ ਸੁਖਵਿੰਦਰ ਸਿੰਘ ਅਤੇ ਸੰਨੀ ਵਜੋਂ ਹੋਈ ਹੈ। ਐੱਸਐੱਸਪੀ ਨੇ ਦੱਸਿਆ ਕਿ ਇਸ ਐਨਕਾਊਂਟਰ ਵਿਚ ਕੁੱਲ ਚਾਰ ਮੁਲਜ਼ਮ ਜ਼ਖਮੀ ਹੋਏ ਹਨ। ਉਨ੍ਹਾਂ ਦੱਸਿਆ ਕਿ ਥਾਣਾ ਵਲਟੋਹਾ ਵਿਖੇ ਮੁਲਜ਼ਮਾਂ ਖ਼?ਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਪਠਾਨਕੋਟ 'ਚ ਵੱਡੀ ਵਾਰਦਾਤ, ਪੁਰਾਣੀ ਰੰਜਿਸ਼ ਦੇ ਚੱਲਦਿਆਂ ਨੌਜਵਾਨ ਦਾ ਕਤਲ

ਪਠਾਨਕੋਟ 17 ਮਈ। ਪਠਾਨਕੋਟ ਵਿਖੇ ਗੁੰਡਾਗਰਦੀ ਦਾ ਮਾਮਲਾ ਸਾਹਮਣੇ ਆਇਆ ਹੈ। ਪੁਰਾਣੀ ਰੰਜਿਸ਼ ਦੇ ਚਲਦੇ ਵਿਧਾਨ ਸਭਾ ਹਲਕਾ ਭੋਆ ਅਧੀਨ ਪੈਂਦੇ ਨਰੋਟ ਜੈਮਲ ਸਿੰਘ ਇਲਾਕੇ ਵਿੱਚ ਇਕ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ, ਜਦਕਿ ਇਕ ਹੋਰ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਹ ਘਟਨਾ ਬੀਤੀ ਰਾਤ ਦੀ ਦੱਸੀ ਜਾ ਰਹੀ ਹੈ, ਜਿਸ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਜਾਣਕਾਰੀ ਮੁਤਾਬਕ ਦੋ ਨੌਜਵਾਨ ਮੋਟਰਸਾਈਕਲ 'ਤੇ ਕਰੈਸ਼ਰ ਵੱਲ ਜਾ ਰਹੇ ਸਨ ਕਿ ਰਸਤੇ ਵਿੱਚ ਪਹਿਲਾਂ ਤੋਂ ਘਾਤ ਲਗਾ ਕੇ ਬੈਠੇ ਚਾਰ ਵਿਅਕਤੀਆਂ ਨੇ ਉਨ੍ਹਾਂ ਨੂੰ ਰੋਕ ਲਿਆ। ਦੋਸ਼ ਹੈ ਕਿ ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾਂ ਅਤੇ ਡੰਡਿਆਂ ਨਾਲ ਦੋਵਾਂ ਨੌਜਵਾਨਾਂ 'ਤੇ ਹਮਲਾ ਕਰ ਦਿੱਤਾ। ਹਮਲਾ ਇੰਨਾ ਭਿਆਨਕ ਸੀ ਕਿ ਇਕ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਦੂਜੇ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਸਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਹੈ ਕਿ ਹਮਲੇ ਵਿੱਚ ਸ਼ਾਮਲ ਇਕ ਵਿਅਕਤੀ ਨਰੋਟ ਜੈਮਲ ਸਿੰਘ ਨਗਰ ਪੰਚਾਇਤ ਦਾ ਚੇਅਰਮੈਨ ਹੈ। ਪਰਿਵਾਰ ਨੇ ਇਨਸਾਫ ਦੀ ਮੰਗ ਕਰਦਿਆਂ ਦੋਸ਼ੀਆਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉੱਧਰ, ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲਸ ਵੱਲੋਂ ਮਾਮਲਾ ਦਰਜ ਕਰਕੇ ਇਕ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਹਰ ਪੱਖ ਤੋਂ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਔਰਤ ਨਾਲ ਕੁੱਟਮਾਰ

ਗੁਰੂਹਰਸਹਾਏ 17 ਮਈ। ਗੁਰੂਹਰਸਹਾਏ ਦੇ ਅਧੀਨ ਆਉਂਦੀ ਨਵੀਂ ਆਬਾਦੀ ਭੱਠਾ ਬਸਤੀ ਵਿਖੇ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਇਕ ਔਰਤ ਦੀ ਕੁੱਟਮਾਰ ਕਰਨ ਦੇ ਦੋਸ਼ 'ਚ ਥਾਣਾ ਗੁਰੂਹਰਸਹਾਏ ਪੁਲਸ ਨੇ 10 ਲੋਕਾਂ ਖ਼?ਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਪਾਲੋ ਰਾਣੀ ਪਤਨੀ ਰੇਸ਼ਮ ਸਿੰਘ ਵਾਸੀ ਨਵੀਂ ਆਬਾਦੀ ਭੱਠਾ ਬਸਤੀ ਗੁਰੂਹਰਸਹਾਏ ਨੇ ਦੱਸਿਆ ਕਿ ਮਿਤੀ 9 ਅਪ੍ਰੈਲ 2026 ਨੂੰ ਕਰੀਬ 2 ਵਜੇ ਦੁਪਹਿਰ ਉਹ ਸਮੇਤ ਪਰਿਵਾਰ ਘਰ ਵਿਚ ਹਾਜ਼ਰ ਸੀ ਤਾਂ ਇਸ ਦੌਰਾਨ ਹਰਵਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ, ਮੁਖਤਿਆਰ ਸਿੰਘ ਪੁੱਤਰ ਜਗਤਾਰ ਸਿੰਘ ਵਾਸੀਅਨ ਟਰਿਆ ਖੁਰਦ, ਸ਼ਾਮ ਲਾਲ ਪੁੱਤਰ ਚਾਂਦੀ ਰਾਮ, ਅਮਨਦੀਪ ਸਿੰਘ ਪੁੱਤਰ ਸ਼ਾਮ ਲਾਲ, ਸੋਮਾ ਰਾਣੀ ਪਤਨੀ ਸ਼ਾਮ ਲਾਲ ਵਾਸੀਅਨ ਸੜੀਆ ਥਾਣਾ ਵੈਰੋਕੇ ਜ਼ਿਲ੍ਹਾ ਫਾਜ਼ਿਲਕਾ, ਨਿਸ਼ਾਨ ਸਿੰਘ ਪੁੱਤਰ ਇਕਬਾਲ ਸਿੰਘ, ਵੀਰੋ ਬਾਈ ਪਤਨੀ ਇਕਬਾਲ ਸਿੰਘ, ਜਗਦੀਸ਼ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਤਾਰੇ ਵਾਲੇ ਖੂਹ, ਗੁਰਸ਼ਰਨ ਸਿੰਘ ਉਰਫ ਪਟਵਾਰੀ ਪੁੱਤਰ ਬਲਕਾਰ ਸਿੰਘ ਵਾਸੀ ਮੇਘਾ ਰਾਏ ਉਤਾੜ, ਚੰਨਣ ਸਿੰਘ ਪੁੱਤਰ ਮਾਛੀ ਰਾਮ ਵਾਸੀ ਗਲੀ ਨੰਬਰ 4 ਨੇੜੇ ਗੁਰੂ ਗੋਬਿੰਦ ਸਿੰਘ ਸਕੂਲ ਗੁਰੂਹਰਸਹਾਏ ਉਸ ਦੇ ਘਰ ਦਾਖ਼ਲ ਹੋਏ। ਸ਼ਾਮ ਲਾਲ ਅਤੇ ਉਸ ਦੀ ਪਤਨੀ ਸੋਮਾ ਰਾਣੀ ਨੇ ਲਲਕਾਰਾ ਮਾਰਿਆ ਕਿ ਫੜ੍ਹ ਲਓ ਇਸ ਨੂੰ ਕਿ ਇਹ ਸਾਡੇ ਪੈਸੇ ਕਿਵੇਂ ਨਹੀਂ ਦਿੰਦੇ। ਉਕਤ ਦੋਸ਼ੀਅਨ ਨੇ ਹਮਮਸ਼ਵਰਾ ਹੋ ਕੇ ਉਸ ਦੇ ਸੱਟਾਂ ਮਾਰੀਆਂ। ਪਾਲੋ ਰਾਣੀ ਨੇ ਦੱਸਿਆ ਕਿ ਉਕਤ ਦੋਸ਼ੀ ਜਾਂਦੇ ਸਮੇਂ ਉਸ ਦੇ ਹੱਥ ਵਿਚ ਪਾਈ ਸੋਨੇ ਦੀ ਵੰਗ, ਕੰਨਾਂ ਦੀਆਂ ਵਾਲੀਆਂ ਉਕਤ ਦੋਸ਼ੀਅਨ ਨੇ ਝਪਟ ਮਾਰ ਕੇ ਖੋਹ ਲਈਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਪਾਲ ਚੰਦ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and dis

• ਨਰਿੰਦਰ ਸਿੰਘ
98146-62260

ਹੱਸਣ ਨਾਲ ਵਿਅਕਤੀ ਜ਼ਿੰਦਗੀ ਦੀਆਂ ਮੁਸ਼ਕਲਾਂ ਨੂੰ ਥੋੜ੍ਹੀ ਦੇਰ ਲਈ ਭੁੱਲ ਜਾਂਦਾ ਹੈ। ਵੈਸੇ ਵੀ ਦੁਖੀ ਰਹਿਣ ਵਾਲੇ ਵਿਅਕਤੀ ਨੂੰ ਕੋਈ ਪਸੰਦ ਨਹੀਂ ਕਰਦਾ। ਵਿਅਕਤੀ ਨੂੰ ਹਮੇਸ਼ਾ ਖੁਸ਼ ਰਹਿਣ ਦੀ ਕੋਸ਼ਿਸ਼ ਕਰਨ ਦੇ ਨਾਲ-ਨਾਲ ਹੱਸਦੇ ਰਹਿਣ ਦੀ ਕਲਾ ਨੂੰ ਅਪਣਾਉਣਾ ਚਾਹੀਦਾ ਹੈ। ਹੱਸਣਾ ਅਤੇ ਹਸਾਉਣਾ ਸਾਡੀ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ...

ਆਤਮਿਕ ਸੰਤੁਸ਼ਟੀ ਲਈ ਹੱਸਣਾ ਜ਼ਰੂਰੀ

ਹੱਸਣਾ ਸਾਡੀ ਜ਼ਿੰਦਗੀ ਵਿਚ ਬਹੁਤ ਜ਼ਰੂਰੀ ਹੈ। ਹੱਸਣ ਤੋਂ ਬਿਨਾਂ ਜ਼ਿੰਦਗੀ ਬੇਰੰਗ ਹੈ। ਹੱਸਣਾ ਜ਼ਿੰਦਗੀ ਜਿਊਣ ਲਈ ਬਹੁਤ ਹੀ ਵਧੀਆ ਕਲਾ ਹੈ। ਹੱਸਣ ਵਾਲਾ ਵਿਅਕਤੀ ਜ਼ਿੰਦਗੀ ਦੇ ਹਰ ਦੁੱਖ ਤੋਂ ਅਸਾਨੀ ਨਾਲ ਬਾਹਰ ਆ ਜਾਂਦਾ ਹੈ। ਹੱਸਣ ਅਤੇ ਮੁਸਕਰਾਉਣ ਵਾਲੇ ਵਿਅਕਤੀ ਨੂੰ ਹਰ ਕੋਈ ਪਸੰਦ ਕਰਦਾ ਹੈ। ਕਿਸੇ ਨੂੰ ਹੱਸ ਕੇ ਬੁਲਾਉਣ ਨਾਲ ਦੂਸਰੇ ਵਿਅਕਤੀ ਦੇ ਚਿਹਰੇ 'ਤੇ ਮੁਸਕਰਾਹਟ ਆ ਜਾਂਦੀ ਹੈ। ਖੁੱਲ੍ਹਕੇ ਹੱਸਣਾ ਇਕ ਕਸਰਤ ਹੈ। ਖੁੱਲ੍ਹਕੇ ਹੱਸਣ ਨਾਲ ਵਿਅਕਤੀ ਕਈ ਬਿਮਾਰੀਆਂ ਤੋਂ ਦੂਰ ਰਹਿੰਦਾ ਹੈ।

ਬਹੁਤ ਸਾਰੇ ਡਾਕਟਰ ਵੀ ਹੱਸਣ ਅਤੇ ਖੁਸ਼ ਰਹਿਣ ਦੀ ਸਲਾਹ ਦਿੰਦੇ ਹਨ। ਹੱਸਦੇ ਰਹਿਣ ਵਾਲੇ ਵਿਅਕਤੀ ਦਾ ਸਾਥ ਹਰ ਕੋਈ ਪਸੰਦ ਕਰਦਾ ਹੈ। ਹਸਮੁੱਖ ਵਿਅਕਤੀ ਜਿੱਥੇ ਆਪ ਖੁਸ਼ ਰਹਿੰਦਾ ਹੈ, ਉੱਥੇ ਉਹ ਦੂਜਿਆਂ ਨੂੰ ਵੀ ਖੁਸ਼ ਰੱਖਦਾ ਹੈ। ਹੱਸਣ ਦੀ ਕਲਾ ਜਾਣਨ ਵਾਲਾ ਵਿਅਕਤੀ ਸਭ ਤੋਂ ਵਧੀਆ ਹੁੰਦਾ ਹੈ। ਹੱਸਣ ਨਾਲ ਵਿਅਕਤੀ ਜ਼ਿੰਦਗੀ ਦੀਆਂ ਮੁਸ਼ਕਲਾਂ ਨੂੰ ਥੋੜ੍ਹੀ ਦੇਰ ਲਈ ਭੁੱਲ ਜਾਂਦਾ ਹੈ। ਵੈਸੇ ਵੀ ਦੁਖੀ ਰਹਿਣ ਵਾਲੇ ਵਿਅਕਤੀ ਨੂੰ ਕੋਈ ਪਸੰਦ ਨਹੀਂ ਕਰਦਾ। ਵਿਅਕਤੀ ਨੂੰ ਹਮੇਸ਼ਾ ਖੁਸ਼ ਰਹਿਣ ਦੀ ਕੋਸ਼ਿਸ਼ ਕਰਨ ਦੇ ਨਾਲ-ਨਾਲ ਹੱਸਦੇ ਰਹਿਣ ਦੀ ਕਲਾ ਨੂੰ ਅਪਣਾਉਣਾ ਚਾਹੀਦਾ ਹੈ। ਹੱਸਣਾ ਅਤੇ ਹਸਾਉਣਾ ਸਾਡੀ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ। ਹੱਸਦੇ ਖੇਡਦੇ ਜ਼ਿੰਦਗੀ ਨੂੰ ਬਿਤਾਉਣਾ ਹੀ ਸਾਡਾ ਸਾਰਿਆ ਦਾ ਮਕਸਦ ਹੋਣਾ ਚਾਹੀਦਾ ਹੈ।

ਰੂਹ ਦੀ ਖੁਰਾਕ

ਹਾਸਾ ਆਪਣੇ ਆਪ ਵਿਚ ਇਕ ਕਲਾ ਹੈ। ਹਾਸਾ ਪਰਮਾਤਮਾ ਦੀ ਬਖ਼ਸ਼ਿਸ਼ ਹੈ। ਹਾਸਾ ਆਪਣੇ ਆਪ ਵਿਚ ਖੁਸ਼ਹਾਲੀ ਅਤੇ ਖੁਸ਼ੀ ਦਾ ਪ੍ਰਤੀਕ ਹੈ। ਜਿਸ ਘਰ ਵਿਚ ਹਾਸਿਆਂ ਦਾ ਵਾਸਾ ਹੋਵੇ ਉਸ ਘਰ ਵੱਲ ਖੁਸ਼ੀਆਂ ਦੌੜੀਆਂ ਹੀ ਆਉਂਦੀਆਂ ਹਨ। ਕਿਸੇ ਨੇ ਕਿਹਾ ਹੈ ਕਿ ਹੱਸਦਿਆਂ ਦੇ ਘਰ ਵਸਦੇ। ਹਾਸੇ ਦੀਆਂ ਕਈ ਕਿਸਮਾਂ ਹਨ ਜਿਵੇਂ ਖਚਰਾ ਹਾਸਾ ਅਤੇ ਘੁਮੰਡੀ ਹਾਸਾ। ਖਚਰਾ ਹਾਸਾ ਹੱਸਣ ਵਾਲੇ ਲੋਕ ਚੁਸਤ-ਚਲਾਕ ਹੁੰਦੇ ਹਨ। ਪੈਸੇ ਜਾਂ ਰੁਤਬੇ ਦਾ ਮਾਣ ਕਰਨ ਵਾਲੇ ਲੋਕਾਂ ਦਾ ਹਾਸਾ ਘੁਮੰਡ ਭਰਪੂਰ ਹੁੰਦਾ ਹੈ। ਅਸਲ ਹਾਸਾ ਉਹ ਹੈ ਜੋ ਕਿਸੇ ਦਾ ਦਿਲ ਦੁਖਾਏ ਬਗ਼ੈਰ ਦੂਜਿਆਂ ਨੂੰ ਦਰਦ ਦੀ ਹੋਂਦ ਹੀ ਭੁਲਾ ਦੇਵੇ ਅਤੇ ਰੋਂਦਿਆਂ ਨੂੰ ਆਪਣੇ ਨਾਲ ਹੱਸਣ ਲਾ ਲਵੇ। ਰੋਂਦਿਆਂ ਨੂੰ ਹਸਾਉਣ ਤੋਂ ਵੱਡਾ ਸ਼ਾਇਦ ਕੋਈ ਪੁੰਨ ਨਹੀਂ ਹੈ। ਖ਼ੁਸ਼ ਹੋਣਾ ਜਾਂ ਦੁਖੀ ਹੋਣਾ ਜਿੰਦਾ ਦਸਤੂਰ ਹੈ। ਪਰ ਹੱਸਣਾ ਜਾ ਰੋਣਾ ਮਨੁੱਖ ਦਾ ਸੁਭਾਅ ਹੈ। ਹਾਸਾ ਕਈ ਇਨਸਾਨੀ ਬਿਮਾਰੀਆਂ ਦਾ ਇਲਾਜ ਹੀ ਨਹੀਂ ਸਗੋਂ ਹੱਸਦੇ ਚਿਹਰਿਆਂ

ਵਾਲੇ ਸਰੀਰ ਬਿਮਾਰ ਹੀ ਬਹੁਤ ਘੱਟ ਹੁੰਦੇ ਹਨ। ਹਾਸੇ ਨੂੰ ਰੂਹ ਦੀ ਖੁਰਾਕ ਵੀ ਕਿਹਾ ਜਾਂਦਾ ਹੈ। ਜਿਵੇਂ ਤਨ ਦੀ ਖੁਰਾਕ ਭੋਜਨ ਹੈ ਉਸੇ ਤਰ੍ਹਾਂ ਰੂਹ ਦੀ ਖੁਰਾਕ ਹਾਸਾ ਹੈ।

ਹਸਮੁੱਖ ਵਿਅਕਤੀ ਸਭ ਦਾ ਚਹੇਤਾ ਬਣ ਜਾਂਦਾ ਹੈ। ਹਸਮੁੱਖ ਵਿਅਕਤੀ ਸ਼ੂਗਰ, ਦਿਲ ਦੇ ਰੋਗ, ਬਲੱਡ ਪ੍ਰੈਸ਼ਰ ਅਤੇ ਹੋਰ ਅਨੇਕਾਂ ਭਿਆਨਕ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ। ਹੱਸਦਾ ਚਿਹਰਾ ਬਹੁਤ ਆਕਰਸ਼ਕ ਲੱਗਦਾ ਹੈ। ਹੱਸਣ ਨਾਲ ਚਿਹਰੇ ਦੀ ਸੁੰਦਰਤਾ ਵਿਚ ਕਈ ਗੁਣਾਂ ਵਾਧਾ ਹੁੰਦਾ ਹੈ। ਹਸਮੁੱਖ ਵਿਅਕਤੀ ਜ਼ਿੰਦਗੀ ਦੀਆਂ ਚੁਣੌਤੀਆਂ 'ਤੇ ਜਲਦੀ ਕਾਬੂ ਪਾ ਲੈਂਦੇ ਹਨ। ਜਦਕਿ ਰੋਂਦੇ ਵਿਅਕਤੀ ਸਮੱਸਿਆਵਾਂ ਵਿਚ ਉਲਝਕੇ ਸਮੁੱਚੇ ਜੀਵਨ ਦਾ ਤਾਣਾ-ਬਾਣਾ ਹੀ ਉਲਝਾ ਬੈਠਦੇ ਹਨ। ਹਸਮੁੱਖ ਵਿਅਕਤੀ ਦੂਜਿਆਂ ਨੂੰ ਜਲਦੀ ਮਿੱਤਰ ਬਣਾਉਂਦੇ ਹਨ। ਹਸਮੁੱਖ ਵਿਅਕਤੀਆਂ ਵਿਚ ਦੂਜਿਆਂ ਨਾਲ ਘੁਲਣ ਮਿਲਣ ਦੀ ਸਮਰੱਥਾ ਬਹੁਤ ਜ਼ਿਆਦਾ ਹੁੰਦੀ ਹੈ। ਅਜਿਹੇ ਵਿਅਕਤੀ ਅੰਦਰੋਂ ਬੁਰੀ ਤਰ੍ਹਾਂ ਟੁਟਕੇ ਵੀ ਦੂਜਿਆਂ ਨੂੰ ਇਸ ਦਾ ਅਹਿਸਾਸ ਨਹੀਂ ਹੋਣ ਦਿੰਦੇ। ਸਗੋਂ ਉਹ ਤਾਂ ਹਾਸਿਆਂ ਦੇ ਛਰਾਟਿਆਂ ਨਾਲ ਦੂਜਿਆਂ ਦੇ ਦੁੱਖ ਵੀ ਭੁਲਾ ਦਿੰਦੇ ਹਨ।

ਪਾਓ ਖ਼ੁਸ਼ ਰਹਿਣ ਦੀ ਆਦਤ

ਹਾਸਾ ਜ਼ਿੰਦਗੀ ਨੂੰ ਬਿਹਤਰ ਬਣਾਉਂਦਾ ਹੈ। ਹੱਸਣ ਨਾਲ ਨਾ ਵਿਅਕਤੀ ਜ਼ਿਆਦਾ ਸੁਖੀ ਰਹਿੰਦਾ ਹੈ ਸਗੋਂ ਉਸ ਦੀ ਉਮਰ ਵੀ ਵਧਦੀ ਹੈ। ਹੱਸਣ ਨਾਲ ਜੀਵਨ ਜ਼ਿਆਦਾ ਸਿਹਤਮੰਦ ਜ਼ਰੂਰ ਰਹਿ ਸਕਦਾ ਹੈ। ਮਨੋਵਿਗਿਆਨਕਾਂ ਦਾ ਮੰਨਣਾ ਹੈ ਕਿ ਜਦੋਂ ਅਸੀਂ ਹੱਸਦੇ ਹਾਂ ਤਾਂ ਸਾਡੇ ਚਿਹਰੇ ਦੀ ਬਣਾਵਟ ਨਾਲ ਦਿਮਾਗ਼ ਵਿਚ ਜਿਹੜੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ ਉਨ੍ਹਾਂ ਨਾਲ ਖ਼ੁਸ਼ ਰਹਿਣ ਦੀ ਭਾਵਨਾ ਵਿਚ ਵਾਧਾ ਹੁੰਦਾ ਹੈ ਜੋ ਸਰੀਰ ਨੂੰ ਸਿਹਤਮੰਦ ਬਣਾਈ ਰੱਖਣ ਵਿਚ ਸਹਾਈ ਹੁੰਦੀ ਹੈ। ਇਸ ਲਈ ਮਨੁੱਖ ਨੂੰ ਖ਼ੁਸ਼ ਰਹਿਣ ਦੀ ਆਦਤ ਪਾਉਣੀ ਚਾਹੀਦੀ ਹੈ।

ਖ਼ੁਸ਼ ਰਹਿਣ ਵਾਸਤੇ ਵਿਅਕਤੀ ਨੂੰ ਹਮੇਸ਼ਾ ਉੱਦਮ ਕਰਦੇ ਰਹਿਣਾ ਚਾਹੀਦਾ ਹੈ। ਦੂਜੇ ਪਾਸੇ ਵਿਅਕਤੀ ਦੇ ਤਣਾਅ ਵਿਚ ਰਹਿਣ ਨਾਲ ਮਾਸਪੇਸ਼ੀਆਂ ਤੋਂ ਨਾਂਹ-ਪੱਖੀ ਸੰਦੇਸ਼ ਜਾਣ ਨਾਲ ਸਰੀਰ ਵਿਚ ਅਕੜਣ ਹੁੰਦੀ ਹੈ ਜੋ ਕਿ ਸਿਹਤ ਲਈ ਠੀਕ ਨਹੀਂ ਹੈ। ਤਣਾਅ ਵਿਚ ਰਹਿਣ ਨਾਲ ਵਿਅਕਤੀ ਨੂੰ ਕਈ ਸਰੀਰਕ ਅਤੇ ਮਾਨਸਿਕ ਰੋਗ ਅਣਜਾਣੇ ਵਿਚ ਹੀ ਲੱਗ ਜਾਂਦੇ ਹਨ, ਅਜਿਹੀ ਸਥਿਤੀ ਵਿਅਕਤੀ ਨੂੰ ਘਰਵਾਲਿਆਂ, ਰਿਸ਼ਤੇਦਾਰਾਂ ਅਤੇ ਦੋਸਤਾਂ ਤੋਂ ਦੂਰ ਲੈ ਜਾਂਦੀ ਹੈ। ਇਸ ਲਈ ਵਿਅਕਤੀ ਨੂੰ ਹੱਸਣ ਦੀ ਕਵਾਇਦ ਕਰਦੇ ਰਹਿਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਸਵੇਰੇ ਉੱਠਣ ਤੋਂ ਬਾਅਦ ਆਪਣੇ ਆਪ ਨਾਲ ਮੁਸਕਰਾਉਣ ਦਾ ਵਾਅਦਾ ਕਰਨਾ ਚਾਹੀਦਾ ਹੈ। ਜ਼ਿੰਦਗੀ ਹੱਸ ਕੇ ਕੱਟਣੀ ਏਨੀ ਔਖੀ ਨਹੀਂ ਹੈ। 65 ਫ਼ੀਸਦੀ ਲੋਕਾਂ ਕੋਲ ਹੱਸਣ ਦਾ ਸਮਾਂ ਹੀ ਨਹੀਂ ਹੈ। ਇਸੇ ਕਰਕੇ ਆਏ ਦਿਨ ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਅਨੇਕਾਂ ਭਿਆਨਕ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ।

ਗੁੱਸੇ ਨੂੰ ਰੱਖੋ ਕਾਬੂ

ਵਿਅਕਤੀ ਨੂੰ ਗੁੱਸੇ ਉੱਪਰ ਵੱਧ ਤੋਂ ਵੱਧ ਕਾਬੂ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗੁੱਸੇ 'ਤੇ ਕਾਬੂ ਪਾਉਣ ਨਾਲ ਬਹੁਤ ਸਾਰੇ ਭਿਆਨਕ ਸਿੱਟਿਆਂ ਤੋਂ ਬਚਿਆ ਜਾ ਸਕਦਾ ਹੈ ਅਤੇ ਨਤੀਜੇ ਵੀ ਉਮੀਦ ਅਨੁਸਾਰ ਨਿਕਲਦੇ ਹਨ। ਅਜਿਹਾ ਕਰਨ ਨਾਲ ਤੁਹਾਡਾ ਦਿਲ ਤਣਾਅ-ਮੁਕਤ ਬਤੀਤ ਹੋਵੇਗਾ। ਇਸ ਤਰ੍ਹਾਂ ਦੀ ਆਦਤ ਖ਼ੁਸ਼ੀ ਦੇ ਨਾਲ-ਨਾਲ ਤੁਹਾਡੇ ਅੰਦਰ ਇਕ ਵੱਖਰੇ ਕਿਸਮ ਦੀ ਊਰਜਾ ਵੀ ਪੈਦਾ ਕਰੇਗੀ। ਜਿਹੜੀ ਹਰ ਮੁਸ਼ਕਿਲ ਦਾ ਸਾਹਮਣਾ ਕਰਨ ਵਿਚ ਸਹਾਈ ਹੋਵੇਗੀ। ਗੁੱਸਾ ਨਾ ਕਰਨ ਅਤੇ ਖ਼ੁਸ਼ ਰਹਿਣ ਨੂੰ ਆਪਣਾ ਸਾਥੀ ਬਣਾਉਣ ਲਈ ਇਕ ਹੋਰ ਕਵਾਇਦ ਵੀ ਕੀਤੀ ਜਾ ਸਕਦੀ ਹੈ। ਇਸ ਵਿਚ ਇਹ ਕਹਾਵਤ ਇਕ ਚੁੱਪ ਸੌ ਸੁੱਖ ਵੀ ਕਾਰਗਰ ਹੈ। ਕਿਸੇ ਦੀ ਛੋਟੀ ਜਿਹੀ ਗੱਲ 'ਤੇ ਗੁੱਸੇ ਹੋ ਜਾਣ ਵਾਲੇ ਵਿਅਕਤੀ ਨਾਲ ਬਹਿਸ ਕਰਨ ਦੀ ਬਜਾਏ ਚੁੱਪ ਰਹਿਕੇ ਉਸ ਦਾ ਮੁਕਾਬਲਾ ਕਰਨਾ ਬਿਹਤਰ ਹੈ।

ਹੱਸਣ 'ਚ ਨਾ ਕਰੋ ਕੰਜੂਸੀ

ਹੱਸਣਾ ਇਕ ਕਲਾ ਹੈ। ਪਰ ਲੋਕ ਹੱਸਣ ਵਿਚ ਵੀ ਕੰਜੂਸੀ ਕਰਦੇ ਹਨ। ਹਸਮੁੱਖ ਅਤੇ ਮਿਲਣਸਾਰ ਵਿਅਕਤੀ ਚੁੰਬਕੀ ਖਿੱਚ ਵਾਂਗ ਹੁੰਦਾ ਹੈ। ਜਿਸ ਵਿਅਕਤੀ ਦੇ ਚਿਹਰੇ 'ਤੇ ਹਮੇਸ਼ਾ ਮੁਸਕਾਨ ਰਹਿੰਦੀ ਹੈ ਉਹ ਮੁਸ਼ਕਿਲ ਹਾਲਾਤ ਵਿਚ ਵੀ ਨਹੀਂ ਡਿੱਗਦਾ। ਪਰ ਅੱਜ ਦੀ ਭੱਜ ਦੌੜ ਵਾਲੀ ਦੁਨੀਆ ਵਿਚ ਚਿਹਰਾ ਹੱਸਣ ਨੂੰ ਤਰਸ ਜਾਂਦਾ ਹੈ। ਸਮੱਸਿਆਵਾਂ ਦੀ ਕੋਈ ਕਮੀ ਨਹੀਂ ਹੈ। ਜ਼ਿੰਦਗੀ ਦੀਆਂ ਸਮੱਸਿਆਵਾਂ ਬਹੁਤ ਜ਼ਿਆਦਾ ਹਨ ਤੇ ਦੂਸਰਾ ਮਹਿੰਗਾਈ ਨੇ ਲੋਕਾਂ ਦੀ ਕਮਰ ਤੋੜ ਦਿੱਤੀ ਹੈ। ਫਿਰ ਵੀ ਹੱਸਣਾ ਅਤੇ ਖ਼ੁਸ਼ ਰਹਿਣਾ ਓਨਾ ਹੀ ਜ਼ਰੂਰੀ ਹੈ ਜਿੰਨਾ ਕਿ ਰੋਟੀ ਖਾਣਾ। ਆਏ ਦਿਨ ਕੋਈ ਨਾ ਕੋਈ ਨਵੀਂ ਸਮੱਸਿਆ ਸਾਨੂੰ ਝੰਜੋੜਨ ਨੂੰ ਤਿਆਰ ਰਹਿੰਦੀ ਹੈ। ਮੁਕਾਬਲੇਬਾਜ਼ੀ ਦੇ ਇਸ ਯੁਗ ਵਿਚ ਤਣਾਅ ਵੱਧ ਰਿਹਾ ਹੈ। ਤਣਾਅ ਦੇ ਨਾਲ ਹੀ ਨਵੀਆਂ-ਨਵੀਆਂ ਬਿਮਾਰੀਆਂ ਵਧ ਰਹੀਆਂ ਹਨ। ਕੁਝ ਲੋਕ ਇਸ ਯੁੱਗ ਵਿਚ ਤਣਾਅ ਨੂੰ ਭਾਰੂ ਨਹੀਂ ਹੋਣ ਦਿੰਦੇ। ਅਜਿਹੇ ਲੋਕ ਆਪਣੀ ਸਿਹਤ ਦਾ ਧਿਆਨ ਰੱਖਣ ਦੇ ਨਾਲ ਨਾਲ ਅਨੁਸ਼ਾਸਤ ਜੀਵਨ ਜਿਊਣਾ ਪਸੰਦ ਕਰਦੇ ਹਨ। ਹਸਮੁੱਖ ਵਿਅਕਤੀ ਸਵੇਰ ਦੀ ਸੈਰ ਦਾ ਲੁਤਫ਼ ਉਠਾਉਂਦੇ ਹਨ। ਅੱਜ ਕੱਲ੍ਹ ਦੇ ਤਣਾਅਪੂਰਨ ਮਾਹੌਲ ਵਿਚ ਹੱਸਣ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ। ਲੋਕ ਰੋਜ਼ਾਨਾ ਨਿੱਕੀ-ਨਿੱਕੀ ਗੱਲ 'ਤੇ ਖੁਦਕਸ਼ੀ ਕਰ ਰਹੇ ਹਨ। ਕੋਈ ਵੀ ਵਿਅਕਤੀ ਇਹ ਕਦਮ ਉਸ ਵੇਲੇ ਹੀ ਚੁੱਕਦਾ ਹੈ ਜਦੋਂ ਉਹ ਅੰਦਰੋਂ ਬਹੁਤ ਨਿਰਾਸ਼ ਅਤੇ ਉਦਾਸ ਹੋਵੇ।

ਵਿਅਕਤੀ ਦੇ ਜੀਵਨ ਵਿਚ ਕੋਈ ਖ਼ੁਸ਼ੀ ਨਾ ਹੋਵੇ। ਹਰ ਮਨੁੱਖ ਹਾਸੇ ਨੂੰ ਅਪਣਾਉਣਾ ਚਾਹੁੰਦਾ ਹੈ। ਹਾਸੇ ਨਾਲ ਤੁਸੀਂ ਕਿਸੇ ਵਿਅਕਤੀ ਨੂੰ ਦੋਸਤ ਬਣਾ ਸਕਦੇ ਹੋ ਅਤੇ ਰੋਂਦੇ ਵਿਅਕਤੀ ਨੂੰ ਹਸਾ ਸਕਦੇ ਹੋ। ਹੱਸਣ ਵਾਲੇ ਵਿਅਕਤੀ ਵੱਡੀ ਤੋਂ ਵੱਡੀ ਸਮੱਸਿਆ ਦਾ ਸਮਾਧਾਨ ਕਰ ਲੈਂਦੇ ਹਨ। ਜਦਕਿ ਇਸ ਦੇ ਵਿਰੋਧੀ ਵਿਚਾਰਾਂ ਵਾਲੇ ਲੋਕ ਖ਼ਮੋਸ਼ ਰਹਿੰਦੇ ਹਨ ਅਤੇ ਛੋਟੀ ਤੋਂ ਛੋਟੀ ਸਮੱਸਿਆ ਆਉਣ 'ਤੇ ਪਰੇਸ਼ਾਨ ਹੋ ਜਾਂਦੇ ਹਨ। ਅਜਿਹੇ ਲੋਕ ਜ਼ਿੰਦਗੀ ਦੀਆਂ ਪਰੇਸ਼ਾਨੀਆਂ ਨੂੰ ਹੋਰ ਜ਼ਿਆਦਾ ਵਧਾਉਣ ਲਈ ਵੀ ਜ਼ਿੰਮੇਵਾਰ ਹਨ। ਦੁਨੀਆ ਭਰ ਵਿਚ ਹੋਈ ਖੋਜ ਤੋਂ ਪਤਾ ਲੱਗਦਾ ਹੈ ਕਿ ਹੱਸਣ ਕਾਰਨ ਰੋਗਾਂ ਨਾਲ ਲੜਨ ਦੀ ਸ਼ਕਤੀ ਵੱਧਦੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਹਾਸਾ ਮਰੀਜ਼ ਨੂੰ ਜਲਦੀ ਠੀਕ ਕਰਨ ਵਿਚ ਮਦਦ ਕਰਦਾ ਹੈ। ਹੱਸਣਾ ਸਭ ਤੋਂ ਵਧੀਆ ਦਵਾਈ ਹੈ। ਦਿਨ ਵਿਚ ਇਕ ਵਾਰੀ ਖੁੱਲ੍ਹ ਕੇ ਹੱਸਣ ਨਾਲ ਕਈ ਪ੍ਰਕਾਰ ਦੀਆਂ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਤੋਂ ਬਚਾਅ ਹੋ ਸਕਦਾ ਹੈ। ਹੱਸਣ ਨਾਲ ਮਾਨਸਿਕ ਤਣਾਅ ਦੂਰ ਹੁੰਦਾ ਹੈ ਅਤੇ ਤਣਾਅ ਤੋਂ ਉਤਪੰਨ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

ਨਫ਼ਰਤ ਅਤੇ ਮੁਸਕਰਾਹਟ

ਨਫ਼ਰਤ ਅਤੇ ਮੁਸਕਰਾਹਟ ਬਹੁਤ ਜਲਦੀ ਇਕ ਤੋਂ ਦੂਜੇ, ਦੂਜੇ ਤੋਂ ਤੀਜੇ ਅਤੇ ਇਸ ਤਰ੍ਹਾਂ ਪੂਰੇ ਸਮਾਜ ਵਿਚ ਫੈਲਦੀ ਜਾਂਦੀ ਹੈ। ਪਰ ਇਹ ਗੱਲ ਵਿਅਕਤੀ 'ਤੇ ਨਿਰਭਰ ਕਰਦੀ ਹੈ ਕਿ ਉਸ ਨੇ ਨਫ਼ਰਤ ਫੈਲਾਉਣੀ ਹੈ ਜਾਂ ਮੁਸਕਰਾਹਟ। ਭਾਵੇਂ ਭੱਜ-ਦੌੜ ਦੀ ਜ਼ਿੰਦਗੀ ਵਿੱਚੋਂ ਹਾਸਾ ਲੁਪਤ ਹੁੰਦਾ ਜਾ ਰਿਹਾ ਹੈ ਪਰ ਲੋਕਾਂ ਨੂੰ ਹਸਾਉਣ ਵਾਸਤੇ ਥਾਂ-ਥਾਂ ਲਾਫਟਰ ਕਲੱਬ ਬਣੇ ਹੋਏ ਹਨ। ਹੱਸਣ ਦੇ ਬਹੁਤ ਸਾਰੇ ਲਾਭ ਹਨ।

ਹੱਸਣ ਨਾਲ ਆਤਮ ਵਿਸ਼ਵਾਸ ਵਧਦਾ ਹੈ ਅਤੇ ਵਿਅਕਤੀ ਆਪ ਅੱਛਾ ਮਹਿਸੂਸ ਕਰਦਾ ਹੈ। ਹੱਸਣ ਨਾਲ ਵਿਚਾਰਾਂ ਵਿਚ ਸਕਾਰਾਤਮਕਤਾ ਆਉਂਦੀ ਹੈ। ਹੱਸਣ ਨਾਲ ਫੇਫੜਿਆਂ ਨੂੰ ਆਕਸੀਜਨ ਦੀ ਮਾਤਰਾ ਵਧ ਜਾਂਦੀ ਹੈ ਜੋ ਕਈ ਤਰ੍ਹਾਂ ਦੇ ਫ਼ਾਇਦੇ ਦਿੰਦੀ ਹੈ। ਹੱਸਣ ਨਾਲ ਸਰੀਰ ਵਿਚ ਊਰਜਾ ਦੀ ਮਾਤਰਾ ਵਧ ਜਾਂਦੀ ਹੈ ਜਿਹੜੀ ਰੋਗਾਂ ਨਾਲ ਲੜਨ ਵਿਚ ਸਹਾਈ ਹੁੰਦੀ ਹੈ ਅਤੇ ਵਿਅਕਤੀ ਘੱਟ ਬਿਮਾਰ ਹੁੰਦਾ ਹੈ। ਹੱਸਣ ਨਾਲ ਚਿਹਰੇ ਦੀ ਕਸਰਤ ਹੁੰਦੀ ਹੈ ਅਤੇ ਚਿਹਰਾ ਚਮਕਣ ਲੱਗਦਾ ਹੈ। ਹੱਸਣ ਨਾਲ ਮਾਨਸਿਕ ਤਣਾਅ ਤੇ ਨਿਰਾਸ਼ਾ ਘੱਟ ਹੋਣ ਦੇ ਨਾਲ-ਨਾਲ ਗੁੱਸਾ ਵੀ ਘੱਟ ਆਉਂਦਾ ਹੈ। ਹੱਸਣ ਤੋਂ ਬਿਨਾਂ ਜ਼ਿੰਦਗੀ ਬੇਰੰਗ ਹੈ। ਖ਼ੁਸ਼ੀਆਂ ਵੰਡਣ ਨਾਲ ਵਧਦੀਆਂ ਹਨ। ਹੱਸਦੇ-ਹੱਸਦੇ ਜੀਵਨ ਜਿਊਣ ਨੂੰ ਜਿਊਣ ਦੀ ਕਲਾ ਕਹਿੰਦੇ ਹਨ। ਤਨ ਦੇ ਨਾਲ ਹੀ ਉਨ੍ਹਾਂ ਵਿਚ ਬਿਹਤਰ ਤਾਲਮੇਲ ਅਤੇ ਸੰਤੁਲਨ ਸਥਾਪਤ ਹੋਵੇਗਾ ਅਤੇ ਨਰਵਿਸ ਸਿਸਟਮ ਸਹੀ ਰਹੇਗਾ।

ਫੇਫੜੇ ਅਤੇ ਖ਼ੂਨ ਸੰਚਾਰ ਦੀ ਵਿਵਸਥਾ ਦਰੁਸਤ ਹੋਣ ਨਾਲ ਸਰੀਰ ਵਿਚ ਚੁਸਤੀ-ਫੁਰਤੀ ਦਾ ਵਿਕਾਸ ਹੁੰਦਾ ਹੈ। ਬਿਨਾਂ ਤਣਾਅ ਦੇ ਹੱਸਦੇ ਰਹਿਣ ਨਾਲ ਤੁਸੀਂ ਹਮੇਸ਼ਾ ਤੰਦਰੁਸਤ ਰਹੋਗੇ। ਤੁਹਾਡਾ ਮਨ ਸ਼ਾਂਤ ਰਹੇਗਾ। ਤੁਸੀਂ ਆਪਣੇ ਮਨ ਵਿਚ ਭੈੜੇ ਵਿਚਾਰਾਂ ਨੂੰ ਆਉਣ ਹੀ ਨਹੀਂ ਦਿਓਗੇ। ਹਾਸਾ ਸੰਵਾਦ ਨੂੰ ਸੌਖਾ ਬਣਾਉਣਾ ਹੈ। ਜ਼ਿੰਦਾਦਿਲ ਵਿਅਕਤੀ ਹਸਮੁੱਖ ਸੁਭਾਅ ਦੇ ਹੁੰਦੇ ਹਨ। ਸੁੱਖ ਅਤੇ ਦੁੱਖ ਜੀਵਨ ਦਾ ਹਿੱਸਾ ਹਨ। ਸੁੱਖ ਖ਼ਰੀਦਿਆ ਨਹੀਂ ਜਾ ਸਕਦਾ। ਜੇ ਅਜਿਹਾ ਹੁੰਦਾ ਤਾਂ ਦੁਨੀਆ ਦੇ ਸਾਰੇ ਅਮੀਰ ਲੋਕ ਸੁਖੀ ਹੋ ਜਾਂਦੇ। ਸਰੀਰ ਤਾਂ ਸਾਡਾ ਹਰ ਰੋਜ਼ ਇਸ਼ਨਾਨ ਕਰਦਾ ਹੈ ਪਰ ਇਸ ਦੇ ਨਾਲ ਮਨ ਨੂੰ ਇਸ਼ਨਾਨ ਕਰਵਾਉਣਾ ਬਹੁਤ ਜ਼ਰੂਰੀ ਹੈ ਤਾਂ ਜੋ ਮਾੜੀਆਂ ਭਾਵਨਾਵਾਂ ਸਾਡੇ 'ਤੇ ਭਾਰੂ ਨਾ ਹੋ ਸਕਣ। ਆਤਮਿਕ ਸੰਤੁਸ਼ਟੀ ਲਈ ਸਾਨੂੰ ਹਰ ਪਲ ਮੁਸਕਰਾਉਂਦੇ ਰਹਿਣਾ ਚਾਹੀਦਾ

ਲਵਿਸ਼ ਮਲਹੋਤਰਾ ਨੇ ਬਾਰਵੀਂ ਦੀ ਬੋਰਡ ਪ੍ਰੀਖਿਆ ਵਿੱਚ ਮੈਰਿਟ ਵਿਚ ਸਥਾਨ ਹਾਸਲ ਕੀਤਾ

ਪਟਿਆਲਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਬਾਰਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ। ਬਾਰਵੀਂ ਦੀ ਇਸ ਪ੍ਰੀਖਿਆ ਵਿੱਚ ਪਲੇਜ਼ ਸੀਨੀਅਰ ਸੈਕੰਡਰੀ ਸਕੂਲ (ਪਟਿਆਲਾ) ਨੇ ਕਾਮਰਸ ਦੇ ਵਿਦਿਆਰਥੀ ਲਵਿਸ਼ ਮਲਹੋਤਰਾ ਪੁੱਤਰ ਨਰਿੰਦਰ ਮੋਹਨ ਅਤੇ ਮਮਤਾ ਰਾਣੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 500 ਵਿੱਚੋਂ 490 ਅੰਕ (98%) ਪ੍ਰਾਪਤ ਕਰਕੇ ਮੈਰਿਟ ਲਿਸਟ ਵਿੱਚ ਆਪਣਾ ਨਾਮ ਸ਼ਾਮਲ ਕਰਵਾਇਆ। ਲਵਿਸ਼ ਮਲਹੋਤਰਾ ਨੇ ਬਾਰਵੀਂ ਦੀ ਬੋਰਡ ਪ੍ਰੀਖਿਆ ਵਿੱਚ ਮੈਰਿਟ ਵਿੱਚ ਆ ਕੇ ਆਪਣੇ ਮਾਤਾ ਪਿਤਾ, ਸਕੂਲ ਅਤੇ ਜ਼ਿਲ੍ਹੇ ਦਾ ਨਾਮ ਰੋਸ਼ਨ ਕੀਤਾ। ਸ੍ਰੀਮਤੀ ਮਮਤਾ ਰਾਣੀ ਜੀ ਨੇ ਦੱਸਿਆ ਕਿ ਲਵਿਸ਼ ਮਲਹੋਤਰਾ ਨੇ ਇਸ ਪ੍ਰੀਖਿਆ ਲਈ ਦਿਨ ਰਾਤ ਮਿਹਨਤ ਕੀਤੀ ਸੀ, ਜਿਸ ਦੇ ਨਤੀਜੇ ਵੱਜੋ ਉਸ ਨੇ ਇਹ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ। ਡਾ. ਰਾਜਦੀਪ ਸਿੰਘ ਜੀ (ਡਾਇਰੈਕਟਰ, ਪਲੇ ਵੇਜ਼ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ) ਨੇ ਕਿਹਾ ਕਿ ਲਵਿਸ਼ ਮਲਹੋਤਰਾ ਬਹੁਤ ਹੀ ਮਿਹਨਤੀ ਵਿਦਿਆਰਥੀ ਹੈ। ਡਾ. ਰਾਜਦੀਪ ਸਿੰਘ ਜੀ ਨੇ ਕਿਹਾ ਕਿ ਪਹਿਲਾ ਲਵਿਸ਼ ਮਲਹੋਤਰਾ ਨੇ ਸਾਫਟਬਾਲ (ਅੰਡਰ-19) ਵਿੱਚ ਸਟੇਟ ਪੱਧਰ ਤੇ ਸਿਲਵਰ ਮੈਡਲ ਹਾਸਲ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ ਸੀ ਅਤੇ ਹੁਣ ਬਾਰਵੀਂ ਦੀ ਬੋਰਡ ਪ੍ਰੀਖਿਆ ਵਿੱਚ ਮੈਰਿਟ ਵਿੱਚ ਆ ਕੇ ਸਕੂਲ ਦਾ ਨਾ ਹੋਰ ਬੁਲੰਦੀਆਂ ਤੇ ਪਹੁੰਚਾ ਦਿੱਤਾ ਹੈ। ਲਵਿਸ਼ ਮਲਹੋਤਰਾ ਨੂੰ ਸਕੂਲ ਵਿਖੇ ਇਸ ਸਫਲਤਾ ਲਈ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਤੇ ਸ੍ਰੀ ਹਰੀਸ਼ ਸਿੰਘ ਰਾਵਤ, ਸ੍ਰੀ ਸਰਿੰਦਰਪਾਲ ਸਿੰਘ, ਸ੍ਰੀ ਗੁਰਪ੍ਰੀਤ ਸਿੰਘ, ਸ੍ਰੀ ਪਿਯੂਸ਼ ਸੇਠੀ ਅਤੇ ਹੋਰ ਅਧਿਆਪਕ ਮੌਜੂਦ ਸਨ।

ਕੇਂਦਰ ਅਤੇ ਪੰਜਾਬ ਸਰਕਾਰ ਆਨਲਾਈਨ ਦਵਾਈਆਂ 'ਤੇ ਲਗਾਏ ਪਬੰਦੀ : ਗੁਰਜੀਤ ਸਿੰਘ ਲੱਕੀ

ਪਟਿਆਲਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਰਿਟੇਲ ਫਾਰਮੇਸੀ ਐਸੋਸੀਏਸ਼ਨ ਆਫ਼ ਪਟਿਆਲਾ ਵੱਲੋਂ ਪ੍ਰਧਾਨ ਗੁਰਜੀਤ ਸਿੰਘ ਲੱਕੀ ਦੀ ਅਗਵਾਈ ਹੇਠ ਹੰਗਾਮੀ ਮੀਟਿੰਗ ਬੁਲਾਈ ਗਈ ਜਿਸ ਵਿੱਚ ਮਾਨਯੋਗ ਸ਼੍ਰੀ ਸੁਰਿੰਦਰ ਦੁੱਗਲ ਜੀ ਪੰਜਾਬ ਪ੍ਰਧਾਨ ਤੇ ਜੀ ਐਸ ਚਾਵਲਾ ਜੀ ਦੇ ਨਿਸ਼ਾ ਨਰਦੇਸ਼ ਸੰਬੰਦੀ ਸਾਡੇ ਜਿਲ੍ਹਾ ਪ੍ਰਧਾਨ ਸੰਜੀਵ ਚੋਧਰੀ ਜੀ ਅਤੇ ਜੇ ਪੀ ਸੇਠੀ ਨੇ ਸਿਕਰਾਤ ਕੀਤੀ। ਤੇ ਆਲ ਇੰਡੀਆ ਆਰਗਨਾਈਜੇਸ਼ਨ ਆਫ ਕੈਮਿਸਟ ਐਂਡ ਡਰੱਗਇਸ਼ਟ ਅਤੇ ਪੰਜਾਬ ਕੈਮਿਸਟ ਐਸੋਸੀਏਸ਼ਨ ਵੱਲੋਂ 20 ਮਈ ਦੇ ਬੰਦ ਦਾ ਪੂਰੇ ਜਿਲ੍ਹੇ ਪਟਿਆਲ਼ੇ ਵਿਚ ਭਰਪੂਰ ਸਮਰਥਨ ਕੀਤਾ ਜਾਵੇਗਾ। ਮੀਟਿੰਗ ਵਿਚ ਪਟਿਆਲਾ ਤੋਂ ਬਿਨਾ ਨਾਭਾ, ਭਾਦਸੋਂ, ਰਾਜਪੁਰਾ ਦੇਵੀਗੜ੍ਹ ਤੋਂ ਵੀ ਅਹੁਦੇਦਾਰਾਂ , ਪ੍ਰਧਾਨ ਤੇ ਸੈਕਟਰੀ ਸਾਹਿਬਾਨ ਨੇ ਸ਼ਿਰਕਤ ਕੀਤੀ ਇਸ ਮੌਕੇ ਰਿਟੇਲ ਕੈਮਿਸਟ ਐਸੋਸੀਏਸ਼ਨ ਪਟਿਆਲਾ ਦੇ ਪ੍ਰਧਾਨ ਗੁਰਜੀਤ ਸਿੰਘ

ਲੱਕੀ ਨੇ ਬੋਲਦਿਆਂ ਕਿਹਾ ਕਿ ਦਵਾਈਆਂ ਦੀ ਆਨਲਾਈਨ ਵਿੱਕਰੀ ਤੇ ਪਾਬੰਦੀ ਲੱਗਣੀ ਬਹੁਤ ਜਰੂਰੀ ਹੈ ਕਿਉਂਕਿ ਆਨਲਾਈਨ ਬਿਨਾ ਲਾਇਸੈਂਸਾਂ ਤੋਂ ਬੈਠੇ ਲ਼ੋਕ ਪਾਬੰਦੀਸ਼ੁਦਾ ਦਵਾਈਆਂ, ਬਿਨਾ ਕਿਸੇ ਡਾਕਟਰ ਦੀ ਪਰਚੀ ਦੇ ਅਸਾਨੀ ਨਾਲ਼ ਗ਼ਲਤ ਲੋਕਾਂ ਕੋਲ਼ ਪਹੁੰਚ ਵਿੱਚ ਹਨ ਜੋ ਸਮਾਜ ਲਈ ਨੁਕਸਾਨਦੇਹ ਹਨ ਅੱਜ ਜੁਮੇਟੋ ਸਵਿਗੀ, ਬਲਿੰਕਿਟ ਵਰਗੀਆਂ ਕੰਪਨੀਆਂ ਵੀ ਦਵਾਈਆਂ ਆਨਲਾਈਨ ਸੇਲ ਕਰ ਰਹੀਆਂ ਹਨ ਇਸ ਦਾ ਕੈਮਿਸਟ ਭਰਾਵਾਂ ਨੂੰ ਬਹੁਤ ਨੁਕਸਾਨ ਹੈ ਅਤੇ GRS BB@, ਸ਼ਡਿਊਡਲ 1 ,ਵਾਪਿਸ ਹੋਣੀ ਚਾਹੀਦੀ ਹੈ ਅਤੇ ਡਰੱਗ ਪਾਲਿਸੀ 2021 ਵਿੱਚ ਸੋਧ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਪਟਿਆਲਾ ਐਸੋਸੀਏਸ਼ਨ ਵਲੋਂ ਧਰਮਵੀਰ ਗਾਂਧੀ ਐੱਮ ਪੀ, ਆਮ ਆਦਮੀ ਨੇਤਾ ਬਲਤੇਜ ਸਿੰਘ ਪੰਨੂੰ, ਡਿਪਟੀ ਕਮਿਸ਼ਨਰ ਪਟਿਆਲਾ, ਸਿਵਲ ਸਰਜਨ ਪਟਿਆਲਾ ਅਤੇ ਜ਼ੋਨਲ ਡਾਇਰੈਕਟਰ ਪਟਿਆਲਾ ਨੂੰ ਆਪਣੀਆਂ ਮੰਗਾਂ ਮਨਵਾਉਣ ਲਈ ਅਤੇ 20 ਮਈ ਦੇ ਬੰਦ ਸਬੰਧੀ ਮੰਗ ਪੱਤਰ ਦਿੱਤੇ ਅਤੇ ਆਪਣੇ ਕੈਮਿਸਟ ਭਰਾਵਾਂ ਨੂੰ ਇਸ ਬੰਦ ਵਿਚ ਭਰਵਾਂ ਸਾਥ ਦੇਣ ਲਈ ਬੇਨਤੀ ਕੀਤੀ ਹੈ।

ਇਸ ਮੌਕੇ ਸ੍ਰੀ ਲੱਕੀ ਜੀ ਤੇ ਗੌਤਮ ਜੀ ਨੇ ਬੋਲਦਿਆਂ ਕਿਹਾ ਕਿ ਕੁੱਝ ਲੋਕ ਜੋ ਸ਼ਾਇਦ ਕੈਮਿਸਟ ਭਰਾਵਾਂ ਦਾ ਭਲਾ ਨਹੀਂ ਚਾਹੁੰਦੇ ਓਹ ਸਾਡੇ ਇਸ ਬੰਦ ਦਾ ਵਿਰੋਧ ਵੀ ਕਰਨਗੇ ਪਰ ਕੈਮਿਸਟ ਭਰਾਵਾਂ ਨੂੰ ਕਿਸੇ ਦੀਆਂ ਗੱਲਾਂ ਵਿਚ ਨਹੀਂ ਆਉਣਾ ਨਾ ਹੀ ਡਰਨਾ ਹੈ ਅਸੀਂ ਆਪਣੇ ਹੱਕਾਂ ਲਈ ਅਤੇ ਸਮਾਜ ਦੇ ਭਲੇ ਹੀ ਹਮੇਸ਼ਾ ਯਤਨਸ਼ੀਲ ਰਹਾਂਗੇ।

ਇਸ ਮੌਕੇ ਰਿਟੇਲ ਫਾਰਮੇਸੀ ਐਸੋਸੀਏਸ਼ਨ ਪਟਿਆਲਾ ਅਤੇ ਹੋਲਸਲ ਗਰੁੱਪ ਦੇ ਸਾਰੇ ਅਹੁਦੇਦਾਰ ਸ਼ਾਮਿਲ ਰਹੇ ਪੰਜਾਬ ਸੈਕਟਰੀ ਜੇ ਪੀ ਸੇਠੀ ਜੀ ਆਪਣੀ ਸਾਰੀ ਟੀਮ ਅਤੇ ਰਿਟੇਲ ਦੇ ਗੌਤਮ ਪੰਜਰਤਨ ਜਨਰਲ ਸੈਕਟਰੀ , ਸੰਜੀਵ ਮਿੱਤਲ ਖਜਾਨਚੀ ,ਜਸਵਿੰਦਰ ਰਿੰਪਾ ਜੀ ਚੇਅਰਮੈਨ ਪ੍ਰਸ਼ਾਂਤ ਗੋਇਲ ਵਾਇਸ ਪ੍ਰੈਸੀਡੈਂਟ,ਅਮਰਜੋਤ, ਖੰਨਾ ਸਾਹਿਬ ਹਰਸਿਮਰਨ,ਪ੍ਰਵੀਨ ਅਰੋੜਾ ਸੈਕਟਰੀ,ਹਰੀਸ਼ ਹਰਫ਼, ਤੇਜਿੰਦਰ ਵੰਨੀ,ਵਿਸ਼ਾਲ ਮਿੱਤਲ ਅਰਵਿੰਦ ਮਿੱਤਲ ਅਮਿਤ ਅਮਿਤ ਅਰੋੜਾ ਮਹੇਸ਼ ਮਿੱਤਲ ਅਤੇ ਹੋਰ ਹਾਜ਼ਰ ਸਨ।

ਮਾਨਸੂਨ ਤੋਂ ਪਹਿਲਾਂ ਲੁਧਿਆਣਾ ਪ੍ਰਸ਼ਾਸਨ ਅਲਰਟ, 24×7 ਫਲੱਡ ਕੰਟਰੋਲ ਰੂਮ ਬਣਨਗੇ : ਏਡੀਸੀ ਪੂਨਮ ਸਿੰਘ

ਲੁਧਿਆਣਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਸੂਨ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਅਤੇ ਸਬ-ਡਿਵੀਜ਼ਨ ਪੱਧਰ 'ਤੇ BDxG ਫਲੱਡ ਕੰਟਰੋਲ ਰੂਮ ਸਥਾਪਿਤ ਕੀਤੇ ਜਾਣਗੇ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪੂਨਮ ਸਿੰਘ ਨੇ ਬਾੜ ਰੋਕੂ ਪ੍ਰਬੰਧਾਂ ਦੀ ਸਮੀਖਿਆ ਮੀਟਿੰਗ ਦੌਰਾਨ ਦਿੱਤੀ।

ਏਡੀਸੀ ਨੇ ਸਬੰਧਤ ਵਿਭਾਗਾਂ ਨੂੰ ਕੰਟਰੋਲ ਰੂਮਾਂ ਲਈ ਡਿਊਟੀ ਰੋਸਟਰ ਤਿਆਰ ਕਰਨ ਅਤੇ ਸੀਨੀਅਰ ਅਧਿਕਾਰੀਆਂ ਦੀ ਰੋਟੇਸ਼ਨ ਅਧਾਰਿਤ ਤਾਇਨਾਤੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮਾਨਸੂਨ ਦੌਰਾਨ ਕਿਸੇ ਵੀ ਐਮਰਜੈਂਸੀ ਨਾਲ ਨਿਪਟਣ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ ਹੈ।

ਪੂਨਮ ਸਿੰਘ ਨੇ ਬਾੜ ਪ੍ਰਭਾਵਿਤ ਇਲਾਕਿਆਂ ਦੀ ਪਛਾਣ, ਸੁਰੱਖਿਅਤ ਥਾਵਾਂ ਦੀ ਚੋਣ ਅਤੇ ਲੋੜ ਪੈਣ 'ਤੇ ਲੋਕਾਂ ਦੇ ਸੁਰੱਖਿਅਤ ਤਬਾਦਲੇ ਲਈ ਯੋਜਨਾਵਾਂ ਤਿਆਰ ਕਰਨ ਦੇ ਹੁਕਮ ਵੀ ਜਾਰੀ ਕੀਤੇ। ਇਸਦੇ ਨਾਲ ਹੀ ਡਰੇਨੇਜ ਵਿਭਾਗ ਨੂੰ ਤੁਰੰਤ ਨਾਲਿਆਂ ਦੀ ਸਫਾਈ ਸ਼ੁਰੂ ਕਰਨ ਲਈ ਕਿਹਾ ਗਿਆ।

ਕੰਨਿਆਂ ਸਕੂਲ ਬੋਰਡ ਪ੍ਰੀਖਿਆ 2026 ਦਾ ਨਤੀਜਾ ਰਿਹਾ 100%

ਮਾਛੀਵਾੜਾ ਸਾਹਿਬ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਬੀਤੇ ਦਿਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ। ਜਿਸ ਵਿੱਚ ਪੀ.ਐਮ. ਸ਼੍ਰੀ. ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਦਾ ਨਤੀਜਾ ਰਿਹਾ ਸ਼ਾਨਦਾਰ! ਪ੍ਰੀਖਿਆ ਵਿੱਚ ਬੈਠੇ ਸਾਰੇ ਵਿਦਿਆਰਥੀ ਪਾਸ ਹੋਏ, ਸਕੂਲ ਦਾ ਨਤੀਜਾ 100% ਰਿਹਾ।

ਬਾਰ੍ਹਵੀਂ ਜਮਾਤ ਵਿੱਚੋਂ ਨਵਪ੍ਰੀਤ ਕੌਰ 483/500(96%) ਪਹਿਲਾ ਸਥਾਨ, ਜੈਸਮੀਨ ਕੌਰ 455/500(91%) ਦੂਜਾ ਸਥਾਨ, ਸਮੀਕਸ਼ਾ 431/500(86%) ਨੇ ਤੀਸਰਾ ਸਥਾਨ ਹਾਸਿਲ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸੇ ਤਰ੍ਹਾਂ ਦਸਵੀਂ ਜਮਾਤ ਵਿੱਚੋਂ ਗੁਰਪ੍ਰੀਤ ਕੌਰ 567/650(87%) ਪਹਿਲਾ ਸਥਾਨ, ਪਲਕ 548/650(84%) ਦੂਸਰਾ ਸਥਾਨ, ਜਸ਼ਨਪ੍ਰੀਤ ਕੌਰ 535/650(82%) ਤੀਸਰਾ ਸਥਾਨ ਹਾਸਿਲ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਹਰਦੀਪ ਕੌਰ ਨੇ ਵਿਦਿਆਰਥੀਆਂ ਨੂੰ ਬਹੁਤ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਸਕੂਲ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ, ਪ੍ਰੀਖਿਆ ਦੇ ਵਿੱਚ ਬੈਠੇ ਸਾਰੇ ਹੀ ਵਿਦਿਆਰਥੀਆਂ ਨੇ ਬਹੁਤ ਚੰਗੇ ਅੰਕ ਹਾਸਿਲ ਕੀਤੇ ਹਨ, ਉਹਨਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਕੇ ਜ਼ਿੰਦਗੀ ਵਿੱਚ ਮਿਥੀਆਂ ਮੰਜ਼ਿਲਾਂ ਨੂੰ ਹਾਸਿਲ ਕਰਨ ਦੇ ਲਈ ਪ੍ਰੇਰਿਤ ਕੀਤਾ, ਤੇ ਨਾਲ ਹੀ ਸਮੂਹ ਸਟਾਫ ਨੂੰ ਵੀ ਵਧਾਈ ਦੇ ਪਾਤਰ ਦੱਸਿਆ ਜਿਨ੍ਹਾਂ ਦੀ ਮਿਹਨਤ ਸਦਕਾ ਵਿਦਿਆਰਥੀਆਂ ਨੇ ਇੰਨੇ ਚੰਗੇ ਅੰਕ ਹਾਸਿਲ ਕੀਤੇ।

ਯਾਦਵਿੰਦਰ ਸ਼ਰਮਾ ਨੇ ਬਤੌਰ ਕਾਰਜ ਸਾਧਕ ਅਫ਼ਸਰ ਇੰਪਰੂਵਮੈਂਟ ਟਰੱਸਟ ਅਹੁਦਾ ਸੰਭਾਲਿਆ

ਮਾਛੀਵਾੜਾ ਸਾਹਿਬ,17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਯਾਦਵਿੰਦਰ ਸ਼ਰਮਾ ਨੇ ਅੱਜ ਇੰਪਰੂਵਮੈਂਟ ਟਰੱਸਟ ਮਾਲੇਰਕੋਟਲਾ ਦੇ ਕਾਰਜ ਸਾਧਕ ਅਫ਼ਸਰ ਵਜੋਂ ਅਹੁਦਾ ਸੰਭਾਲ ਲਿਆ।

ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਟਰੱਸਟ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਅਤੇ ਪਾਰਦਰਸ਼ੀ ਢੰਗ ਨਾਲ ਹੱਲ ਕਰਨਾ ਟਰੱਸਟ ਦੀ ਪ੍ਰਮੁੱਖ ਤਰਜੀਹ ਹੋਵੇਗੀ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲੋਕ ਭਲਾਈ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਨੂੰ ਜਮੀਨੀ ਪੱਧਰ 'ਤੇ

ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇਗਾ ਅਤੇ ਸ਼ਹਿਰੀ ਵਿਕਾਸ ਨਾਲ ਸਬੰਧਤ ਕੰਮਾਂ ਵਿੱਚ ਕਿਸੇ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਨੇ ਦਫਤਰੀ ਕੰਮਕਾਜ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ 'ਤੇ ਵੀ ਜ਼ੋਰ ਦਿੱਤਾ।ਜਿਕਰਯੋਗ ਹੈ ਕਿ ਯਾਦਵਿੰਦਰ ਸ਼ਰਮਾ ਇਸ ਤੋਂ ਪਹਿਲਾਂ ਨਾਭਾ, ਪਟਿਆਲਾ, ਜਲੰਧਰ, ਅੰਮ੍ਰਿਤਸਰ, ਤਰਨਤਾਰਨ ਅਤੇ ਸਮੇਤ ਹੋਰ ਪ੍ਰਮੁੱਖ ਸਥਾਨਾਂ 'ਤੇ ਕਾਰਜ ਸਾਧਕ ਅਫ਼ਸਰ ਵਜੋਂ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਆਪਣੇ ਪ੍ਰਸ਼ਾਸਨਿਕ ਤਜਰਬੇ ਲਈ ਜਾਣੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇੰਪਰੂਵਮੈਂਟ ਟਰੱਸਟ ਨਾਲ ਸਬੰਧਤ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ ਤਾਂ ਜੋ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ।

ਭਗਤ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਬੇਗਮਪੁਰਾ ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਆਯੋਜਿਤ

ਲੁਧਿਆਣਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਗੁਰਬਾਣੀ ਪ੍ਰਚਾਰ ਅਤੇ ਪਸਾਰ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਦੇ ਮਹਾਨ ਰਚਨਹਾਰ ਸ਼੍ਰੋਮਣੀ ਭਗਤ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਬੇਗਮਪੁਰਾ ਦਾ ਸੰਕਲਪ ਵਿਸ਼ੇ 'ਤੇ ਇੱਕ ਰੋਜ਼ਾ ਵਿਸ਼ੇਸ਼ ਸੈਮੀਨਾਰ ਸ਼ਨੀਵਾਰ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 2:30 ਵਜੇ ਤੱਕ ਕਰਵਾਇਆ ਜਾ ਰਿਹਾ ਹੈ।

ਸੈਮੀਨਾਰ ਦੇ ਕੋਆਰਡੀਨੇਟਰ ਡਾ. ਹਰਜੋਧ ਸਿੰਘ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਜਵੱਦੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਦੀ ਗਤੀਸ਼ੀਲ ਅਗਵਾਈ ਹੇਠ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਤਿੱਖੀ ਗਰਮੀ ਨੂੰ ਧਿਆਨ ਵਿੱਚ ਰੱਖਦਿਆਂ ਸੰਗਤਾਂ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ ਅਤੇ ਪ੍ਰਬੰਧਕੀ ਜ਼ਿੰਮੇਵਾਰੀਆਂ ਵੱਖ-ਵੱਖ ਸੇਵਾਦਾਰਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਸੈਮੀਨਾਰ ਵਿੱਚ ਸ਼ਮੂਲੀਅਤ ਕਰਨ ਲਈ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਸੈਮੀਨਾਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ, ਜਦਕਿ ਸਾਬਕਾ ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਡਾ. ਜਸਪਾਲ ਸਿੰਘ ਸਮਾਗਮ ਦੀ ਪ੍ਰਧਾਨਗੀ ਕਰਨਗੇ। ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵਿਸ਼ੇਸ਼ ਮਹਿਮਾਨ ਹੋਣਗੇ।

ਸੈਮੀਨਾਰ ਦੇ ਭਾਸ਼ਣਾਂ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਦੇ ਸਾਬਕਾ ਵਾਈਸ ਚਾਂਸਲਰ ਪ੍ਰੋ. ਗੁਰਨੇਕ ਸਿੰਘ ਕਰਨਗੇ, ਜਦਕਿ ਮੁੱਖ ਭਾਸ਼ਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਡਾਇਰੈਕਟਰ ਪ੍ਰੋ. ਅਮਰ ਸਿੰਘ ਵੱਲੋਂ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਸੰਤ ਬਾਬਾ ਤੇਜਾ ਸਿੰਘ ਜੀ ਨਿਰਮਲ ਭੇਖ ਰਤਨ ਖੁੱਡੇ ਵਾਲੇ, ਉੱਘੇ ਸਿੱਖ ਚਿੰਤਕ ਸ੍ਰ. ਅਨੁਰਾਗ ਸਿੰਘ, ਪ੍ਰੋ. ਰਵੇਲ ਸਿੰਘ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ ਪ੍ਰੋਫੈਸਰ ਪ੍ਰੋ. ਰੌਣਕੀ ਰਾਮ ਸਮੇਤ ਹੋਰ ਵਿਦਵਾਨ ਆਪਣੇ ਖੋਜ ਭਰਪੂਰ ਵਿਚਾਰ ਪੇਸ਼ ਕਰਨਗੇ।

ਜਵੱਦੀ ਟਕਸਾਲ ਦੇ ਮੁਖੀ ਸੰਤ ਬਾਬ

ਸੰਪਾਦਕੀ

ਵਧ ਰਹੇ ਤਾਪਮਾਨ ਨੇ ਮਨੁੱਖ ਹੀ ਨਹੀਂ ਬਲਕਿ ਪੰਛੀਆਂ ਅਤੇ ਜਾਨਵਰਾਂ ਨੂੰ ਵੀ ਕੀਤਾ ਪ੍ਰਭਾਵਿਤ

ਵਧ ਰਹੇ ਤਾਪਮਾਨ ਨੇ ਕੇਵਲ ਮਨੁੱਖੀ ਜੀਵਨ ਨੂੰ ਹੀ ਨਹੀਂ, ਬਲਕਿ ਪੰਛੀਆਂ, ਜਾਨਵਰਾਂ ਅਤੇ ਬਨਸਪਤੀ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਲੰਘੇ ਸਰਦੀ ਦੇ ਮੌਸਮ ਵਿੱਚ ਮੀਂਹ ਨਾਂਹ ਦੇ ਬਰਾਬਰ ਪਿਆ। ਇੰਝ ਜਾਪਦਾ ਸੀ ਜਿਵੇਂ ਸਰਦੀਆਂ ਵਿੱਚ ਪੈਣ ਵਾਲਾ ਰਹਿਮਤ ਦਾ ਮੀਂਹ ਸਾਡੇ ਨਾਲ ਰੁੱਸ ਹੀ ਗਿਆ ਹੋਵੇ। ਖੇਤੀਬਾੜੀ ਲਈ ਇਹ ਬਾਰਸ਼ ਬੇਹੱਦ ਜ਼ਰੂਰੀ ਹੁੰਦੀ ਹੈ। ਜਦੋਂ ਲੰਬੇ ਸਮੇਂ ਤੱਕ ਬੱਦਲ ਨਹੀਂ ਵਰ੍ਹਦੇ ਤਾਂ ਕਿਸਾਨ ਆਸਮਾਨ ਵੱਲ ਟਿਕਟਿਕੀ ਲਗਾ ਕੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਕੁਦਰਤ ਦੇ ਇਸ ਬਦਲੇ ਮਿਜ਼ਾਜ ਦਾ ਕਾਰਨ ਕੀ ਹੈ ? ਲੰਘੀ ਸਰਦੀ ਵਿੱਚ ਮੀਂਹ ਨਾ ਪੈਣ ਕਰਕੇ ਫ਼ਸਲਾਂ ਦਾ ਝਾੜ ਤਾਂ ਪ੍ਰਭਾਵਿਤ ਹੋਇਆ ਹੀ, ਪਰ ਬਾਅਦ ਵਿੱਚ ਕਈ ਥਾਵਾਂ 'ਤੇ ਹੋਈ ਬੇਮੌਸਮੀ ਬਾਰਸ਼ ਅਤੇ ਗੜ੍ਹੇਮਾਰੀ ਨੇ ਕਣਕ ਦੀ ਪੱਕੀ ਫ਼ਸਲ ਨੂੰ ਬਰਬਾਦ ਕਰਕੇ ਰੱਖ ਦਿੱਤਾ। ਹੁਣ ਭਾਵੇਂ ਮੁੜ ਮੀਂਹ ਪੈਣੇ ਸ਼ੁਰੂ ਹੋ ਗਏ ਹਨ, ਪਰ ਕਈ ਇਲਾਕਿਆਂ ਵਿੱਚ ਇੰਨੀ ਜ਼ਿਆਦਾ ਬਾਰਸ਼ ਅਤੇ ਗੜ੍ਹੇਮਾਰੀ ਹੋ ਰਹੀ ਹੈ ਕਿ ਇਸ ਨਾਲ ਫ਼ਾਇਦੇ ਨਾਲੋਂ ਨੁਕਸਾਨ ਵਧੇਰੇ ਹੋ ਰਿਹਾ ਹੈ। ਜੇਕਰ ਪਿਛਲਝਾਤ ਮਾਰੀ ਜਾਵੇ ਤਾਂ ਸਾਫ਼ ਮਹਿਸੂਸ ਹੁੰਦਾ ਹੈ ਕਿ ਬੀਤੇ ਕੁਝ ਸਾਲਾਂ ਤੋਂ ਮੌਸਮ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਨਤੀਜੇ ਵਜੋਂ, ਹੁਣ ਬਹੁਤ ਜ਼ਿਆਦਾ ਠੰਢ ਅਤੇ ਬਹੁਤ ਜ਼ਿਆਦਾ ਗਰਮੀ ਪੈਣ ਲੱਗੀ ਹੈ- ਕਦੇ ਬੇਹਿਸਾਬ ਮੀਂਹ ਪੈਂਦਾ ਹੈ ਅਤੇ ਕਦੇ ਲੰਬਾ ਸੋਕਾ ਪੈ ਜਾਂਦਾ ਹੈ। ਇਸ ਅਣਕਿਆਸੇ ਬਦਲਾਅ ਕਾਰਨ ਧਰਤੀ 'ਤੇ ਰਹਿਣ ਵਾਲੇ ਮਨੁੱਖ, ਜੀਵ-ਜੰਤੂ, ਪੰਛੀ ਅਤੇ ਬਨਸਪਤੀ ਇਸ ਜਲਵਾਯੂ ਪਰਿਵਰਤਨ ਨਾਲ ਤਾਲਮੇਲ ਨਹੀਂ ਬਿਠਾ ਪਾ ਰਹੇ। ਇਸ ਜਲਵਾਯੂ ਪਰਿਵਰਤਨ ਦਾ ਮੁੱਖ ਕਾਰਨ 'ਗਲੋਬਲ ਵਾਰਮਿੰਗ' ਹੈ, ਜਿਸ ਦਾ ਸਰਲ ਅਰਥ ਹੈ- ਧਰਤੀ ਦੇ ਔਸਤ ਤਾਪਮਾਨ ਵਿੱਚ ਲਗਾਤਾਰ ਹੋ ਰਿਹਾ ਵਾਧਾ। ਕੁਝ ਕੁਦਰਤੀ ਕਾਰਨਾਂ ਅਤੇ ਜ਼ਿਆਦਾਤਰ ਮਨੁੱਖੀ ਗਤੀਵਿਧੀਆਂ ਕਰਕੇ ਧਰਤੀ ਦਾ ਤਾਪਮਾਨ ਨਿਰੰਤਰ ਵਧ ਰਿਹਾ ਹੈ। ਸ਼ਹਿਰਾਂ ਵੱਲ ਤੇਜ਼ੀ ਨਾਲ ਹੋ ਰਿਹਾ ਅੰਨ੍ਹੇਵਾਹ ਪਰਵਾਸ, ਉਦਯੋਗੀਕਰਨ, ਗੈਰ-ਯੋਜਨਾਬੱਧ ਵਿਕਾਸ ਅਤੇ ਵਾਹਨਾਂ ਦੀ ਗਿਣਤੀ ਵਿੱਚ ਬੇਤਹਾਸ਼ਾ ਵਾਧਾ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਅਤੇ ਗਲੋਬਲ ਵਾਰਮਿੰਗ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਸ ਦੇ ਨਾਲ ਹੀ ਰਸਾਇਣਿਕ ਪਦਾਰਥਾਂ, ਪ੍ਰਮਾਣੂ ਬੰਬਾਂ ਅਤੇ ਹਾਈਡ੍ਰੋਜਨ ਬੰਬਾਂ ਵਰਗੇ ਅਤਿ-ਵਿਨਾਸ਼ਕਾਰੀ ਹਥਿਆਰਾਂ ਦੀ ਅੰਨ੍ਹੀ ਦੌੜ ਨੇ ਮਨੁੱਖਤਾ, ਜਾਨਵਰਾਂ ਅਤੇ ਬਨਸਪਤੀ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਮੌਜੂਦਾ ਸਮੇਂ ਚੱਲ ਰਹੇ ਰੂਸ-ਯੂਕਰੇਨ ਅਤੇ ਇਜ਼ਰਾਈਲ-ਇਰਾਨ ਯੁੱਧ ਕਾਰਨ ਨਾ ਸਿਰਫ਼ ਮਨੁੱਖੀ ਜਾਨਾਂ ਦਾ ਘਾਣ ਹੋ ਰਿਹਾ ਹੈ, ਬਲਕਿ ਕੁਦਰਤ, ਵਾਤਾਵਰਣ ਅਤੇ ਬਨਸਪਤੀ ਨੂੰ ਵੀ ਅਜਿਹਾ ਨੁਕਸਾਨ ਪਹੁੰਚ ਰਿਹਾ ਹੈ ਜਿਸ ਦੀ ਭਰਪਾਈ ਅਸੰਭਵ ਹੈ।

ਗਲੋਬਲ ਵਾਰਮਿੰਗ ਕਾਰਨ ਕੁਦਰਤ ਵਿੱਚ ਆ ਰਹੇ ਬਦਲਾਵਾਂ ਤੋਂ ਅੱਜ ਹਰ ਕੋਈ ਵਾਕਫ਼ ਹੈ। ਜਲਵਾਯੂ ਪਰਿਵਰਤਨ ਦਾ ਮਾਰੂ ਅਸਰ ਹੁਣ ਹਰ ਵਰਗ ਅਤੇ ਹਰ ਜੀਵ 'ਤੇ ਸਾਫ਼ ਦਿਖਾਈ ਦੇ ਰਿਹਾ ਹੈ। ਮੌਸਮ ਦੇ ਬਦਲਦੇ ਮਿਜ਼ਾਜ ਕਾਰਨ ਫ਼ਲਾਂ, ਅਨਾਜਾਂ ਅਤੇ ਫ਼ਸਲਾਂ ਦੀ ਉਤਪਾਦਕਤਾ ਲਗਾਤਾਰ ਘਟਦੀ ਜਾ ਰਹੀ ਹੈ। ਚਿੰਤਾ ਦੀ ਗੱਲ ਇਹ ਹੈ ਕਿ ਇਸ ਤਬਦੀਲੀ ਕਾਰਨ ਫ਼ਲਾਂ, ਸਬਜ਼ੀਆਂ, ਅਨਾਜ ਅਤੇ ਹੋਰ ਜਿਣਸਾਂ ਦਾ ਕੁਦਰਤੀ ਸੁਹਜ, ਸਵਾਦ, ਮਹਿਕ ਅਤੇ ਪੌਸ਼ਟਿਕ ਗੁਣ ਹੁਣ ਪਹਿਲਾਂ ਵਰਗੇ ਨਹੀਂ ਰਹੇ। ਗਲੋਬਲ ਵਾਰਮਿੰਗ ਦਾ ਸਭ ਤੋਂ ਘਾਤਕ ਪ੍ਰਭਾਵ ਸਿਹਤ 'ਤੇ ਪੈ ਰਿਹਾ ਹੈ, ਜਿਸ ਕਾਰਨ ਮਨੁੱਖ ਨਿੱਤ ਨਵੀਆਂ ਅਤੇ ਨਾਮੁਰਾਦ ਬਿਮਾਰੀਆਂ ਦੀ ਜਕੜ ਵਿੱਚ ਆ ਰਿਹਾ ਹੈ। ਇਸ ਵਾਤਾਵਰਣਕ ਸੰਕਟ ਕਾਰਨ ਜੀਵ-ਜੰਤੂਆਂ ਅਤੇ ਬਨਸਪਤੀ ਦੀਆਂ ਕਈ ਦੁਰਲੱਭ ਪ੍ਰਜਾਤੀਆਂ ਦੀ ਹੋਂਦ ਹੀ ਖ਼ਤਰੇ ਵਿੱਚ ਪੈ ਗਈ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੁਦਰਤ ਨਾਲ ਹੋ ਰਹੇ ਇਸ ਖਿਲਵਾੜ ਲਈ ਆਖ਼ਰ ਜ਼ਿੰਮੇਵਾਰ ਕੌਣ ਹੈ ? ਇਸ ਦਾ ਸਿੱਧਾ ਤੇ ਸਪੱਸ਼ਟ ਉੱਤਰ ਹੈ- ਮਨੁੱਖ। ਮਨੁੱਖ ਨੇ ਆਧੁਨਿਕਤਾ ਅਤੇ ਸ਼ਹਿਰੀਕਰਨ ਦੀ ਅੰਨ੍ਹੀ ਦੌੜ ਵਿੱਚ ਹਰੇ-ਭਰੇ ਦਰੱਖਤਾਂ ਦਾ ਬੇਦਰਦੀ ਨਾਲ ਉਜਾੜਾ ਕੀਤਾ ਹੈ। ਲਗਾਤਾਰ ਵਧ ਰਹੀ ਆਬਾਦੀ ਦੀਆਂ ਰਿਹਾਇਸ਼ੀ ਲੋੜਾਂ ਨੂੰ ਪੂਰਾ ਕਰਨ ਲਈ ਜੰਗਲਾਂ ਨੂੰ ਕੰਕਰੀਟ ਦੇ ਜੰਗਲਾਂ ਵਿੱਚ ਬਦਲਿਆ ਜਾ ਰਿਹਾ ਹੈ। ਖੇਤੀਬਾੜੀ ਵਿੱਚ ਵੱਧ ਪੈਦਾਵਾਰ ਲੈਣ ਦੀ ਹਵਸ ਨੇ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਹੈ, ਜਿਸ ਨੇ ਉਪਜਾਊ ਧਰਤੀ ਨੂੰ ਜ਼ਹਿਰੀਲੀ ਬਣਾ ਦਿੱਤਾ ਹੈ। ਉਦਯੋਗੀਕਰਨ ਅਤੇ ਮੁਨਾਫ਼ਾਖ਼ੋਰੀ ਦੇ ਇਸ ਦੌਰ ਵਿੱਚ ਮਨੁੱਖ ਨੇ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਬੁਰੀ ਤਰ੍ਹਾਂ ਗੰਧਲਾ ਕਰ ਦਿੱਤਾ ਹੈ। ਸਾਡੇ ਦਰਿਆਵਾਂ ਦਾ ਜੋ ਸ਼ੁੱਧ ਤੇ ਮਿੱਠਾ ਪਾਣੀ ਕਦੇ ਜੀਵਨ ਦਾ ਆਧਾਰ ਹੁੰਦਾ ਸੀ, ਉਹ ਅੱਜ ਖ਼ੁਦ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਵੰਡ ਰਿਹਾ ਹੈ। ਸੜਕਾਂ ਚੌੜੀਆਂ ਕਰਨ ਅਤੇ ਨਹਿਰਾਂ ਨੂੰ ਪੱਕਾ ਕਰਨ ਦੇ ਨਾਂ 'ਤੇ ਲੱਖਾਂ ਰੁੱਖਾਂ ਦੀ ਬਲੀ ਦਿੱਤੀ ਜਾ ਰਹੀ ਹੈ। ਵਿਕਾਸ ਦੇ ਨਾਂ 'ਤੇ ਕੁਦਰਤੀ ਪਹਾੜਾਂ ਨਾਲ ਕੀਤੀ ਜਾ ਰਹੀ ਬੇਲੋੜੀ ਛੇੜਛਾੜ ਕਾਰਨ ਧਰਤੀ ਦਾ ਵਾਤਾਵਰਣਕ ਸੰਤੁਲਨ ਵਿਗੜ ਰਿਹਾ ਹੈ। ਸਮੁੱਚੇ ਰੂਪ ਵਿੱਚ ਦੇਖਿਆ ਜਾਵੇ ਤਾਂ ਮਨੁੱਖ ਨੇ ਕੁਦਰਤ ਦਾ ਅਜਿਹਾ ਕੋਈ ਹਿੱਸਾ ਨਹੀਂ ਛੱਡਿਆ, ਜਿੱਥੇ ਉਸ ਨੇ ਆਪਣੀ ਸਵਾਰਥੀ ਘੁਸਪੈਠ ਨਾ ਕੀਤੀ ਹੋਵੇ।

ਗਲੋਬਲ ਵਾਰਮਿੰਗ ਦੇ ਮਾਰੂ ਪ੍ਰਭਾਵ ਹੁਣ ਪੂਰੀ ਤਰ੍ਹਾਂ ਸਾਡੇ ਸਾਹਮਣੇ ਆਉਣ ਲੱਗੇ ਹਨ। ਧਰਤੀ ਦਾ ਜਲਵਾਯੂ ਚੱਕਰ ਤੇਜ਼ੀ ਨਾਲ ਬਦਲ ਰਿਹਾ ਹੈ; ਗਰਮੀ, ਸਰਦੀ ਅਤੇ ਬਰਸਾਤ ਦਾ ਰਵਾਇਤੀ ਸਮਾਂ ਅਤੇ ਮਿਜ਼ਾਜ ਪੂਰੀ ਤਰ੍ਹਾਂ ਗੜਬੜਾ ਚੁੱਕਾ ਹੈ। ਇਸ ਦਾ ਪ੍ਰਤੱਖ ਪ੍ਰਭਾਵ ਗਲੇਸ਼ੀਅਰਾਂ ਦੇ ਨਿਰੰਤਰ ਪਿਘਲਣ, ਬਰਫ਼ੀਲੇ ਖੇਤਰਾਂ ਦੇ ਸੁੰਗੜਨ, ਮੌਨਸੂਨ ਦੇ ਬਦਲਦੇ ਪੈਟਰਨ, ਸਮੁੰਦਰੀ ਪੱਧਰ ਦੇ ਵਧਣ, ਵਾਤਾਵਰਣ ਪ੍ਰਣਾਲੀ ਵਿੱਚ ਆ ਰਹੀ ਖ਼ਤਰਨਾਕ ਤਬਦੀਲੀ ਅਤੇ ਲੂ ਦੀਆਂ ਮਾਰੂ ਲਹਿਰਾਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਅਜੋਕੇ ਦੌਰ ਵਿੱਚ ਮਨੁੱਖੀ ਜੀਵਨ ਦੀਆਂ ਵਧਦੀਆਂ ਸੁਖ-ਸਹੂਲਤਾਂ ਅਤੇ ਐਸ਼ੋ-ਆਰਾਮ ਦੀ ਭੁੱਖ ਨੇ ਸਾਡੀਆਂ ਲੋੜਾਂ ਨੂੰ ਬੇਅੰਤ ਵਧਾ ਦਿੱਤਾ ਹੈ।

ਡਿਪਟੀ ਕਮਿਸ਼ਨਰ ਵੱਲੋਂ ਵਿਭਾਗਾਂ ਨੂੰ ਪਟਿਆਲਾ ਦੀ ਸਾਫ ਸ.ਫਾਈ ਤੇ ਸੁੰਦਰੀਕਰਨ 'ਤੇ ਵਿਸ਼ੇਸ਼ ਧਿਆਨ ਦੇਣ ਦੇ ਨਿਰਦੇਸ਼

ਸਿੰਗਲ ਯੂਜ਼ ਪਲਾਸਟਿਕ ਦੇ ਥੋਕ ਵਿਕ੍ਰੇਤਾਵਾਂ ਖ਼ਿਲਾਫ਼ ਹੋਵੇਗੀ ਸਖ਼ਤ ਕਾਰਵਾਈ : ਡਾ ਹਿਮਾਂਸ਼ੂ ਅਗਰਵਾਲ

ਪਟਿਆਲਾ, 17 ਮਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ 38ਵੀਂ ਜ਼ਿਲ੍ਹਾ ਵਾਤਾਵਰਣ ਕਮੇਟੀ ਦੀ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਪਟਿਆਲਾ ਦੇ ਸੁੰਦਰੀਕਰਨ, ਸਾਫ਼ ਅਤੇ ਪ੍ਰਦੂਸ਼ਣ-ਮੁਕਤ ਬਣਾਉਣ, ਠੋਸ ਕਚਰਾ ਪ੍ਰਬੰਧਨ, ਪਲਾਸਟਿਕ ਕਚਰੇ ਦੇ ਨਿਪਟਾਰੇ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਪਟਿਆਲਾ ਨੂੰ ਸੋਹਣਾ ਅਤੇ ਸਾਫ਼ ਬਣਾਉਣਾ ਪ੍ਰਸ਼ਾਸਨ ਦੀ ਪ੍ਰਮੁੱਖ ਤਰਜੀਹ ਹੈ ਅਤੇ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਸਮੂਹ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਦੀ ਸੁੰਦਰਤਾ ਅਤੇ ਵਾਤਾਵਰਣ ਸੰਭਾਲ ਨਾਲ ਜੁੜੇ ਪ੍ਰੋਜੈਕਟਾਂ ਨੂੰ ਤਰਜੀਹ ਦੇ ਅਧਾਰ 'ਤੇ ਜਲਦ ਮੁਕੰਮਲ ਕੀਤਾ ਜਾਵੇ।

ਡੀ ਸੀ ਨੇ ਖਾਸ ਤੌਰ 'ਤੇ ਸ਼ਹਿਰ ਦੀਆਂ ਸੜਕਾਂ, ਚੌਕਾਂ ਅਤੇ ਜਨਤਕ ਥਾਵਾਂ ਤੋਂ ਕੂੜਾ-ਕਰਕਟ ਤੁਰੰਤ ਹਟਾਉਣ ਅਤੇ ਸਫਾਈ ਪ੍ਰਬੰਧ ਹੋਰ ਮਜ਼ਬੂਤ ਕਰਨ ਦੇ ਨਿਰਦੇਸ਼ ਦਿੱਤੇ। ਇਸ ਦੇ ਨਾਲ ਹੀ ਸੜਕਾਂ ਦੇ ਕਿਨਾਰਿਆਂ 'ਤੇ ਪਿਆ ਕੂੜਾ ਤੁਰੰਤ ਚੁੱਕਣ ਅਤੇ ਪੁਰਾਣੇ ਪਏ ਕੂੜੇ ਦੇ ਢੇਰਾਂ ਨੂੰ ਸਮਾਂਬੱਧ ਢੰਗ ਨਾਲ ਸਾਫ਼ ਕਰਨ ਲਈ ਵੀ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ।ਓਹਨਾ ਠੋਸ ਕਚਰਾ ਪ੍ਰਬੰਧਨ ਸਬੰਧੀ ਚੱਲ ਰਹੇ ਕੰਮਾਂ ਦੀ ਨਿਯਮਿਤ ਨਿਗਰਾਨੀ ਕਰਨ ਲਈ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸ਼ਹਿਰ ਵਿੱਚ ਵਧ ਰਹੇ ਹਵਾ ਅਤੇ ਸ਼ੋਰ ਪ੍ਰਦੂਸ਼ਣ 'ਤੇ ਚਿੰਤਾ ਪ੍ਰਗਟ ਕਰਦਿਆਂ ਸ਼ਹਿਰ ਅੰਦਰ ਭਾਰੀ ਵਾਹਨਾਂ ਦੀ ਆਵਾਜਾਈ 'ਤੇ ਸਖ਼ਤੀ ਕਰਨ ਦੇ ਆਦੇਸ਼ ਜਾਰੀ ਕੀਤੇ। ਉਨ੍ਹਾਂ ਟ੍ਰੈਫਿਕ ਪੁਲਿਸ ਅਤੇ ਸੰਬੰਧਿਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਨਿਰਧਾਰਤ ਸਮੇਂ ਤੋਂ ਇਲਾਵਾ ਸ਼ਹਿਰ ਵਿੱਚ ਭਾਰੀ ਵਾਹਨਾਂ ਦੇ ਦਾਖਲੇ ਨੂੰ ਰੋਕਿਆ ਜਾਵੇ ਤਾਂ ਜੋ ਆਵਾਜਾਈ ਸੁਚਾਰੂ ਬਣੀ ਰਹੇ ਅਤੇ ਪ੍ਰਦੂਸ਼ਣ ਵਿੱਚ ਕਮੀ ਲਿਆਂਦੀ ਜਾ ਸਕੇ। ਇਸ ਦੇ ਨਾਲ ਹੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਟ੍ਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਦੇਣ ਲਈ ਸ਼ਹਿਰ ਦੇ ਵੱਖ-ਵੱਖ ਮਹੱਤਵਪੂਰਨ ਸਥਾਨਾਂ 'ਤੇ ਜਾਗਰੂਕਤਾ ਫਲੈਕਸ ਬੋਰਡ ਲਗਾਉਣ ਦੇ ਨਿਰਦੇਸ਼ ਵੀ ਜਾਰੀ ਕੀਤੇ ਗਏ।

ਡਿਪਟੀ ਕਮਿਸ਼ਨਰ ਨੇ ਸਿੰਗਲ ਯੂਜ਼ ਪਲਾਸਟਿਕ ਦੇ ਇਸਤੇਮਾਲ 'ਤੇ ਵੀ ਸਖ਼ਤ ਨਾਰਾਜ਼ਗੀ ਜਤਾਉਂਦਿਆਂ ਸਿੰਗਲ ਯੂਜ਼ ਪਲਾਸਟਿਕ ਵੇਚਣ ਵਾਲਿਆਂ, ਹੋਲਸੇਲਰਾਂ ਅਤੇ ਸਪਲਾਇਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜਾਰੀ ਪਾਬੰਦੀਆਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਟਿਆਲਾ ਨੂੰ ਸੋਹਣਾ, ਸਾਫ਼-ਸੁਥਰਾ ਅਤੇ ਪ੍ਰਦੂਸ਼ਣ-ਮੁਕਤ ਬਣਾਉਣ ਲਈ ਪ੍ਰਸ਼ਾਸਨ ਦੇ ਨਾਲ-ਨਾਲ ਆਮ ਲੋਕਾਂ ਦੀ ਭਾਗੀਦਾਰੀ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਸਾਰੇ ਵਿਭਾਗਾਂ ਨੂੰ ਆਪਸੀ ਸਹਿਯੋਗ ਨਾਲ ਕੰਮ ਕਰਨ ਅਤੇ ਨਿਰਧਾਰਤ ਸਮੇਂ ਅੰਦਰ ਟੀਚਿਆਂ ਨੂੰ ਪੂਰਾ ਕਰਨ ਲਈ ਕਿਹਾ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ਼੍ਰੀਮਤੀ ਨਵਰੀਤ ਸੇਖੋਂ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਇੰਜੀਨੀਅਰ ਸ਼੍ਰੀ ਨਵਤੇਸ਼ ਸਿੰਗਲਾ, ਨਗਰ ਨਿਗਮ ਦੇ ਅਧਿਕਾਰੀਆਂ, ਟ੍ਰੈਫਿਕ ਪੁਲਿਸ, ਲੋਕ ਨਿਰਮਾਣ ਵਿਭਾਗ ਅਤੇ ਹੋਰ ਸੰਬੰਧਿਤ ਵਿਭਾਗਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ।

ਟ੍ਰਾਈਡੈਂਟ ਗਰੁੱਪ ਵੱਲੋਂ ਆਈਆਈਟੀ ਰੋਪੜ ਨਾਲ ਉਦਯੋਗ-ਅਕਾਦਮਿਕ ਸਾਂਝ ਨੂੰ ਮਿਲੀ ਨਵੀਂ ਦਿਸ਼ਾ

ਚੰਡੀਗੜ੍ਹ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਟ੍ਰਾਈਡੈਂਟ ਗਰੁੱਪ ਨੇ ਆਪਣੇ ਧੌਲਾ ਸਥਿਤ ਟਾਵਲ ਅਤੇ ਪੇਪਰ ਨਿਰਮਾਣ ਯੂਨਿਟ ਵਿਖੇ ਆਈਆਈਟੀ ਰੋਪੜ ਦੇ ਅਕਾਦਮਿਕ ਵਿਦਵਾਨਾਂ ਲਈ ਉਦਯੋਗਿਕ ਦੌਰੇ ਦਾ ਆਯੋਜਨ ਕੀਤਾ। ਇਸ ਦੌਰੇ ਦਾ ਮਕਸਦ ਨਵੀਨਤਾ, ਟਿਕਾਊ ਨਿਰਮਾਣ ਅਤੇ ਆਧੁਨਿਕ ਤਕਨੀਕਾਂ ਰਾਹੀਂ ਉਦਯੋਗ ਅਤੇ ਅਕਾਦਮਿਕ ਖੇਤਰ ਵਿਚਕਾਰ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਾ ਸੀ।

ਟ੍ਰਾਈਡੈਂਟ ਦੀ ਇਨੋਵੇਸ਼ਨ ਟੀਮ ਨੇ ਡਾ. ਜਯਾਰਾਮ ਵੱਲੁਰੂ ਅਤੇ ਡਾ. ਨਵਿਨ ਗੋਪੀਨਾਥਨ ਦਾ ਸਵਾਗਤ ਕੀਤਾ। ਇਹ ਦੌਰਾ ਪ੍ਰਸਤਾਵਿਤ ਐਮਓਯੂ ਤੋਂ ਪਹਿਲਾਂ ਸਾਂਝੇ ਸਹਿਯੋਗ ਦੀਆਂ ਸੰਭਾਵਨਾਵਾਂ ਨੂੰ ਖੰਗਾਲਣ ਲਈ ਕਰਵਾਇਆ ਗਿਆ, ਜਿਸ ਦੌਰਾਨ ਐਡਵਾਂਸਡ ਡਾਟਾ ਐਨਾਲਿਟਿਕਸ ਅਤੇ ਏਆਈ ਆਧਾਰਿਤ ਪ੍ਰੋਸੈਸ ਕੰਟਰੋਲ ਰਾਹੀਂ ਉਤਪਾਦਨ ਸਮਰੱਥਾ ਅਤੇ ਟਿਕਾਊਪਣ ਵਧਾਉਣ 'ਤੇ ਵਿਚਾਰ-ਵਟਾਂਦਰਾ ਹੋਇਆ।

ਦੌਰੇ ਦੌਰਾਨ ਆਈਆਈਟੀ ਦੇ ਪ੍ਰਤੀਨਿਧ ਮੰਡਲ ਨੂੰ ਟ੍ਰਾਈਡੈਂਟ ਦੇ ਇਕਰੂਪ ਨਿਰਮਾਣ ਤੰਤਰ, ਪ੍ਰੋਸੈਸ ਆਪਟੀਮਾਈਜ਼ੇਸ਼ਨ ਅਤੇ ਸਰੋਤਾਂ ਦੀ ਪ੍ਰਭਾਵਸ਼ਾਲੀ ਵਰਤੋਂ ਸਬੰਧੀ ਪਹਿਲਾਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਇਸ ਮੌਕੇ ਉਭਰਦੀਆਂ ਤਕਨੀਕਾਂ ਦੇ ਜ਼ਰੀਏ ਡਾਟਾ ਆਧਾਰਿਤ ਫੈਸਲਾ ਪ੍ਰਣਾਲੀ ਅਤੇ ਸਮਾਰਟ ਮੈਨੂਫੈਕਚਰਿੰਗ ਪ੍ਰਕਿਰਿਆਵਾਂ ਨੂੰ ਵੀ ਦਰਸਾਇਆ ਗਿਆ।

ਕਾਰਜਕ੍ਰਮ ਦੇ ਅੰਤ ਵਿੱਚ ਰਜਨੀਸ਼ ਗੋਰਾ, ਡਾ. ਐਨ. ਸੀ. ਰੇ ਅਤੇ ਟ੍ਰਾਈਡੈਂਟ ਦੀ ਇਨੋਵੇਸ਼ਨ ਤੇ ਆਪਰੇਸ਼ਨ ਟੀਮ ਨਾਲ ਵਿਸਥਾਰਪੂਰਵਕ ਚਰਚਾ ਹੋਈ। ਇਸ ਦੌਰਾਨ ਭਵਿੱਖ ਵਿੱਚ ਤਕਨੀਕ ਆਧਾਰਿਤ ਨਿਰਮਾਣ ਨਵੀਨਤਾਵਾਂ ਅਤੇ ਸਾਂਝੇ ਖੋਜ ਕਾਰਜਾਂ ਨੂੰ ਅੱਗੇ ਵਧਾਉਣ ਲਈ ਰੂਪਰੇਖਾ ਤੈਅ ਕੀਤੀ ਗਈ।

ਟ੍ਰਾਈਡੈਂਟ ਗਰੁੱਪ ਨੇ ਕਿਹਾ ਕਿ ਇਹ ਪਹਿਲ ਉਦਯੋਗ ਅਤੇ ਅਕਾਦਮਿਕ ਸੰਸਥਾ

ਅਨੰਤ ਵੱਲ ਜਾਣ ਦਾ ਰਾਹ ਹੈ ਕਲਾ

ਭੁਪਿੰਦਰ ਕੌਰ ਪ੍ਰੀਤ

ਭੁਪਿੰਦਰ ਕੌਰ ਪ੍ਰੀਤ ਸਾਹਿਤ ਦੀ ਉਹ ਧੀ ਹੈ ਜਿਸ ਨੇ ਆਪਣੀ ਕਵਿਤਾ ਰਾਹੀਂ ਹੀ ਆਪਣੀ ਪਿਆਸ ਬੁਝਾਈ ਹੈ। ਇਹ ਹੀ ਨਹੀਂ ਉਸ ਨੇ ਹਿੰਦੀ ਅਤੇ ਪੰਜਾਬੀ ਕਵਿਤਾ ਲਿਖਣ ਦੇ ਨਾਲ-ਨਾਲ ਹੋਰ ਭਾਸ਼ਾਵਾਂ ਨੂੰ ਵੀ ਪੰਜਾਬੀ ਸਾਹਿਤ ਦੇ ਮੱਥੇ ਦਾ ਟਿੱਕਾ ਬਣਾਇਆ ਹੈ। ਕਵਿਤਾ ਦੇ ਨਾਲ ਇਕਮਿਕ ਹੋ ਕੇ ਉਸ ਨੇ ਅਨੇਕ ਕਿਤਾਬਾਂ ਪੰਜਾਬੀ ਪਾਠਕਾਂ ਦੀ ਝੋਲੀ ਪਾਈਆਂ ਹਨ। ਪੰਜਾਬੀ ਪਾਠਕ ਜਦੋਂ ਪੰਜਾਬੀ ਕਵਿਤਾ ਤੋਂ ਨਿਰਾਸ਼ ਹੁੰਦਾ ਹੈ ਉਸ ਵੇਲੇ ਉਹ ਦੂਸਰੀਆਂ ਭਾਸ਼ਾਵਾਂ ਦੇ ਸਾਹਿਤ ਦੇ ਸੰਦੂਕ ਫਰੋਲਣ ਲੱਗ ਪੈਂਦੀ ਹੈ।ਰਾਤਾਂ ਦੇ ਜਗਰਾਤਿਆਂ ਤੋਂ ਬਾਅਦ ਕਦ 'ਨਗਾਰੇ ਵਾਂਗ ਵੱਜਦੇ ਸ਼ਬਦ' ਅਤੇ 'ਦੋ ਹੱਥ ਪਰ੍ਹਾਂ' ਵਰਗੀਆਂ ਕਿਤਾਬਾਂ ਦਾ ਤਰਜੁਮਾ ਕਰ ਪੰਜਾਬੀ ਭਾਸ਼ਾ ਰਾਹੀਂ ਪਾਠਕ ਦੀ ਰੂਹ ਵਿਚ ਉਤਾਰ ਦਿੰਦੀ ਹੈ ਇਸ ਦਾ ਪਤਾ ਹੀ ਨਹੀਂ ਲੱਗਦਾ। ਪੇਸ਼ ਹਨ ਉਨ੍ਹਾਂ ਨਾਲ ਗੱਲਬਾਤ ਦੇ ਕੁਝ ਅੰਸ਼

- **ਜਦੋਂ ਤੁਸੀਂ ਪਹਿਲੀ ਕਵਿਤਾ ਲਿਖੀ, ਉਸ ਸਮੇਂ ਤੁਹਾਡੀ ਕੀ ਸਥਿਤੀ ਸੀ ਜਾਨਣਾ ਪਾਓ?**

ਇਹ 1977-78 ਦਾ ਸਮਾਂ ਸੀ (ਸੈਨਿਕ ਸਕੂਲ ਕਰਨਾਲ) ਜਦੋਂ ਮੈਂ ਆਪਣੀ ਪਹਿਲੀ ਕਵਿਤਾ ਲਿਖੀ।ਉਦੋਂ ਮੇਰੀ ਉਮਰ 14-15 ਸਾਲ ਦੀ ਸੀ। ਇਕ ਕੁੜੀ ਦਾ ਜਵਾਨ ਹੋਣਾ, ਘਰ ਦੀਆਂ ਕੰਧਾਂ ਨੂੰ ਚਿੰਤਾ ਵਿਚ ਪਾ ਦਿੰਦਾ ਹੈ। ਘਰ ਵਿਚ ਘੁਟਨ ਦਾ ਮਾਹੌਲ ਸੀ, ਬਾਹਰ ਕੁਦਰਤ ਹੀ ਕੁਦਰਤ ਸੀ। ਦੂਰ-ਦੂਰ ਤਕ ਖਿੜੇ ਫੁੱਲ ਸਨ, ਫਲਾਂ ਨਾਲ ਲੱਦੇ ਦਰਖ਼ਤ ਸਨ, ਹਵਾ ਸੀ, ਖੁੱਲ੍ਹਾ ਅਸਮਾਨ ਸੀ। ਉਸ ਉਮਰ ਵਿਚ ਹਰ ਚੀਜ਼ ਤੁਹਾਨੂੰ ਅਚੰਭਿਤ ਕਰਦੀ ਹੈ, ਤੁਸੀਂ ਅਸਮਾਨ ਵਿਚ ਉੱਡਣਾ ਚਾਹੁੰਦੇ ਹੋ, ਹਵਾ ਨੂੰ ਆਪਣੀ ਬਾਹਾਂ ਵਿਚ ਭਰ ਲੈਣਾ ਚਾਹੁੰਦੇ ਹੋ ਪਰ ਪ੍ਰਕਿਰਤੀ ਤੋਂ ਬਿਨਾਂ ਤੁਹਾਨੂੰ ਹਰ ਚੀਜ਼ ਘੂਰ ਰਹੀ ਹੁੰਦੀ ਹੈ। ਹਰ ਚੀਜ਼ ਬਦਲੀ-ਬਦਲੀ ਲੱਗਦੀ ਹੇ। ਇਨ੍ਹਾਂ ਭਾਵਾਂ ਨੂੰ ਸ਼ਬਦਾਂ ਨੇ ਆਪਣਾ ਪਹਿਲਾ ਚੋਲਾ ਦਿੱਤਾ।

ਕਿਉਂ ਹੈਰਾਨ ਹੈ ਜ਼ਿੰਦਗੀ ਕੀ ਰਾਹੋਂ ਕੋ
ਤਕ ਕਰ
ਯੇ ਰਾਸਤੇ ਤੇਰੀ ਪਹਿਚਾਨ ਕੀ ਇੰਤਜ਼ਾਰ
ਮੇਂ ਹੈਂ।

- **ਤੁਹਾਡੀ ਕਿਤਾਬ 'ਬਰਸੈ ਮੇਘੁ ਸਖੀ' ਵਿੱਚੋਂ ਅਧਿਆਤਮ ਦੀ ਝਲਕ ਪੈਂਦੀ ਹੈ, ਕੀ ਇਹ ਸੱਚ ਹੈ?**

ਹਰ ਸਿਰਜਕ, ਹਰ ਚੇਤੰਨ ਮਨੁੱਖ ਇਕ ਯਾਤਰਾ 'ਤੇ ਹੁੰਦਾ ਹੈ ਪਰ ਤੋਂ ਨਿੱਜ ਦੀ ਯਾਤਰਾ ਹੀ ਆਤਮਾ ਦਾ ਅਧਿਆਤਮ ਹੈ। ਬਾਹਰ ਤੋਂ ਅੰਦਰ ਵੱਲ ਦੀ ਯਾਤਰਾ ਦਾ ਕੋਈ ਸੁਭਾਗਾ ਸਮਾਂ ਜ਼ਿੰਦਗੀ ਵਿਚ ਆਉਂਦਾ ਹੈ ਜਦੋਂ ਤੁਸੀਂ ਕੁਦਰਤ ਨਾਲ ਮੁਕੰਮਲ ਤੌਰ 'ਤੇ ਇਕਮਿਕ ਹੁੰਦੇ ਹੋ, ਆਪਣੇ ਕੇਂਦਰ 'ਤੇ ਹੁੰਦੇ ਹੋ, ਨਾ ਪੱਲੜੇ ਦੇ ਇਸ ਪਾਸੇ, ਨਾ ਉਸ ਪਾਸੇ। ਉਹੀ ਸਮਾਂ ਤੁਹਾਡੇ ਆਤਮ ਦਾ ਹੁੰਦਾ ਹੈ, 'ਬਰਸੈ ਮੇਘੁ ਸਖੀ' ਦਾ ਰਚਣ ਸਮਾਂ ਵੀ ਸੁਭਾਗਾ ਸੀ। 'ਬਰਸੈ ਮੇਘੁ ਸਖੀ' ਵਿਚ ਇਕ ਕਵਿਤਾ ਹੈ।

ਤੂੰ ਹੀ ਮੈਨੂੰ ਦੱਸਿਆ
ਕਿ ਅੱਖਾਂ ਨੂੰ ਮੋੜੀਏ ਜੇ
ਆਪਣੇ ਵੱਲ ਤਾਂ
ਦਿੱਸਣ ਲੱਗ ਪੈਂਦੇ
ਧੁੱਪ ਦੇ ਸੱਤੋਂ ਰੰਗ
ਆਪਣੀ ਹੀ ਅੱਖ ਵਿੱਚੋਂ
ਟਿਕ ਜਾਂਦੀ ਅੱਖ ਜਦੋਂ
ਆਪਣੇ-ਆਪ 'ਤੇ ਤਾਂ
ਕਿਸੇ ਵਿਅਕਤੀ ਜਾਂ ਵਸਤ ਨਾਲ
ਜ਼ਰਬ ਜਾਂ ਤਕਸੀਮ ਨਹੀਂ ਹੁੰਦੀ
ਮੇਰੇ ਪਿਤਾ।
ਤੂੰ ਹੀ ਮੈਨੂੰ ਦੱਸਿਆ
ਸਰੀਰ ਦੇ ਬੁੱਢੇ ਹੋ ਜਾਣ 'ਤੇ ਵੀ
ਅੱਖ ਕਦੇ ਬੁੱਢੀ ਨਹੀਂ ਹੁੰਦੀ
ਵੇਖ ਸਕਦੇ ਹਾਂ ਇਸ ਵਿਚ
ਕੋਈ ਵੀ ਮੌਸਮ ਆਉਣ 'ਤੇ
ਧੁੱਪ ਦੇ ਸੱਤੋਂ ਰੰਗ।

- **ਤੁਹਾਡਾ ਅਨੁਵਾਦ ਵਿਚ ਬਹੁਤ ਕੰਮ ਹੈ, ਕੀ ਅਨੁਵਾਦ ਨੇ ਕਦੀ ਤੁਹਾਡੀ ਮੌਲਿਕ ਸਿਰਜਣਾ 'ਤੇ ਪ੍ਰਭਾਵ ਪਾਇਆ ਹੈ?**

ਨਹੀਂ ਮੇਰੀ ਰਚਨਾ 'ਤੇ ਕਦੀ ਰਤੀ ਭਰ ਵੀ ਪ੍ਰਭਾਵ ਨਹੀਂ ਪਿਆ। ਉਸਦਾ ਕਾਰਨ, ਜਦੋਂ ਮੈਂ ਅਨੁਵਾਦ ਕਰਨ ਵਾਲੀ ਰਚਨਾ ਦੇ ਨਾਲ ਹੁੰਦੀ ਹਾਂ ਉਸ ਵਕਤ ਮੈਂ ਉਸ ਰਚਨਾ ਪ੍ਰਤੀ ਪੂਰਨ ਤੌਰ 'ਤੇ ਸਮਰਪਿਤ ਹੁੰਦੀ ਹਾਂ ਪਰ ਰਚਨਾ ਨੂੰ ਅਨੁਵਾਦ ਕਰਨ ਮਗਰੋਂ ਉਸ ਰਚਨਾ ਨਾਲ ਕਦੇ ਮੋਹ ਨਹੀਂ ਰੱਖਿਆ। ਕੰਮ ਮੁਕੰਮਲ ਹੋਣ ਮਗਰੋਂ ਮੈਂ ਸਾਹਿਤ ਦੇ ਅਗਲੇ ਸਫ਼ਰ 'ਤੇ ਹੁੰਦੀ ਹਾਂ। ਇੰਝ ਹੀ ਮੇਰੀ ਆਪਣੀ ਰਚਨਾ ਨਾਲ ਹੁੰਦਾ ਹੈ। ਰਚਨਾ ਮੁਕੰਮਲ ਕਰਨ ਮਗਰੋਂ ਉਸ ਨਾਲੋਂ ਮੋਹ ਟੁੱਟ ਜਾਂਦਾ ਹੈ, ਤੇ ਮੈਂ ਅਗਲੀ ਰਚਨਾ ਬਾਰੇ ਸੋਚ ਰਹੀ ਹੁੰਦੀ ਹਾਂ।

- **ਅਕਸਰ ਕਿਹਾ ਜਾਂਦਾ ਹੈ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਕੀ ਸਾਹਿਤ ਵਿਚ ਸਮਾਜ ਦਾ ਮੁੱਖੜਾ ਦੇਖਿਆ ਜਾ ਸਕਦਾ ਹੈ?**

ਇਕ ਸਾਹਿਤਕਾਰ ਸਮਾਜ ਦਾ ਜਾਗਿਆ ਹੋਇਆ, ਸੰਵੇਦਨਸ਼ੀਲ ਮਨੁੱਖ ਹੁੰਦਾ ਹੈ। ਜੋ ਕੁਝ ਸਮਾਜ ਵਿਚ ਵਾਪਰ ਰਿਹਾ ਹੈ, ਉਸ ਦੀ ਸਿਰਜਣਾ ਦਾ ਹਿੱਸਾ ਬਣਦਾ ਹੈ ਪਰ ਹਰ ਰਚਨਾ ਵਿਚ ਮੁੱਖੜਾ ਸਾਫ਼ ਨਹੀਂ ਦਿਖਾਈ ਦਿੰਦਾ, ਫ਼ਰਕ ਗੁਣਵੱਤਾ ਦਾ ਹੁੰਦਾ ਹੈ, ਸਮਰਪਣ ਭਾਵ ਦਾ ਹੁੰਦਾ ਹੈ, ਉਸ ਦਾ ਪਾਣੀ, ਉਸ ਦੀ ਨਜ਼ਰ ਸਾਫ਼ ਹੈ ਤਾਂ ਉਹ ਸਾਫ਼ ਵਿਖਾਵੇਗਾ ਨਹੀਂ ਤਾਂ ਧੁੰਦਲਾ ਵਿਖਾਈ ਦੇਵੇਗਾ।

- **ਕਵਿਤਾ ਸਮਾਜ ਵਿੱਚੋਂ ਜਾਂ ਕਵੀ ਦੇ ਅੰਦਰੋਂ ਜਨਮ ਲੈਂਦੀ ਹੈ?**

ਕਵਿਤਾ ਦਾ ਰਸਤਾ ਅੰਦਰੋਂ ਬਾਹਰ ਵੱਲ, ਬਾਹਰੋਂ ਅੰਦਰ ਵੱਲ ਜਾਂਦਾ ਹੈ, ਬਾਹਰ ਅੱਖ ਹੁੰਦੀ ਹੈ, ਦ੍ਰਿਸ਼ਟੀ ਹੁੰਦੀ ਹੈ, ਅੰਦਰ ਸੰਵੇਦਨਾ। ਸੰਵੇਦਨਾ ਦਾ ਪਾਣੀ ਕਿਨਾ ਗਹਿਰਾ ਹੈ, ਉਹ ਕਿਨੀ ਡੂੰਘੀ ਚੁੱਭੀ ਮਾਰ ਸਕਦਾ ਹੈ, ਰਚਨਾ ਨੂੰ ਕਿਸ ਤਰ੍ਹਾਂ ਦਾ ਜਾਮਾ ਪਹਿਨਾਉਂਦਾ ਹੈ ਇਹ ਉਸ ਦੇ ਅਭਿਆਸ 'ਤੇ ਵੀ ਨਿਰਭਰ ਹੈ।

- **ਜਦੋਂ ਕੋਈ ਕਵੀ ਕਵਿਤਾ ਲਿਖਦਾ ਹੈ ਕਿਸ ਨੂੰ ਸੰਬੋਧਨ ਹੋ ਕੇ ਲਿਖਦਾ ਹੈ?**

ਉਸਦਾ ਸੰਬੋਧਨ ਭਾਵੇਂ ਕਿਸੇ ਨੂੰ ਹੋਵੇ, ਮਾਂ ਨੂੰ, ਬੱਚੇ ਨੂੰ, ਆਪਣੇ ਗੁਰੂ ਨੂੰ, ਪ੍ਰਕਿਰਤੀ ਨੂੰ, ਨੀਤੀ ਨੂੰ, ਆਪਣੇ ਆਪ ਨੂੰ, ਮਸਲਾ ਉਸ ਦੀ ਗੱਲ ਦਾ ਹੈ ਉਹ ਕਹਿ ਕੀ ਰਿਹਾ ਹੈ। ਸੰਬੋਧਨ ਤਾਂ ਇਕ ਜਰੀਆ ਹੈ ਆਪਣੀ ਗੱਲ ਕਹਿਣ ਦਾ, ਉਸ ਦਾ ਫ਼ਿਕਰ ਗੱਲ ਅੱਗੇ ਪਹੁੰਚਾਉਣ ਦਾ ਹੈ।

ਰੁਬਰੂ

ਕੋਈ ਅਜਿਹੀ ਘਟਨਾ ਦੱਸੋ ਜੋ ਕਵਿਤਾ ਨਹੀਂ ਹਮੇਸ਼ਾ ਉਦਾਸੀ ਦਾ ਸਬੱਬ ਬਣਦੀ ਹੈ?

ਅਜਿਹੀ ਕੋਈ ਘਟਨਾ ਨਹੀਂ ਜੋ ਮੇਰੀ ਸਿਰਜਣਾ ਦਾ ਹਿੱਸਾ ਨਾ ਬਣ ਸਕੇ, ਸਿਰਜਣਾ ਕਰ ਘਟਨਾਵਾਂ ਤੋਂ ਸੁਰਖ਼ਰੂ ਹੋ ਜਾਂਦੀ ਹਾਂ ਤੇ ਅਗਲੀ ਯਾਤਰਾ ਵੱਲ ਤੁਰ ਪੈਂਦੀ ਹਾਂ।

> ਮੈਂ ਅਨੁਵਾਦ ਦੇ ਕੰਮ ਨੂੰ ਦਸਵੰਧ ਵਾਂਗ ਲਿਆ ਹੈ। ਲੇਖਕ ਕੋਲ ਉਸ ਦਾ ਸਮਾਂ ਹੀ ਉਸ ਦੀ ਪੂੰਜੀ ਹੈ। ਇਸ ਪੂੰਜੀ ਵਿੱਚੋਂ ਮੈਂ ਆਪਣੀ ਸਿਰਜਣਾ ਦੇ ਨਾਲ-ਨਾਲ ਆਪਣੇ ਸਮੇਂ ਦਾ ਕੁਝ ਹਿੱਸਾ ਹਿੰਦੀ ਤੇ ਪੰਜਾਬੀ ਭਾਸ਼ਾਵਾਂ ਨੂੰ ਸਮਰਪਿਤ ਕਰਦੀ ਹਾਂ...

- **ਜਦੋਂ ਤੁਸੀਂ ਅਨੁਵਾਦ ਕਰ ਰਹੇ ਹੁੰਦੇ ਹੋ, ਤੁਹਾਨੂੰ ਲੱਗਦਾ ਹੈ ਕਿ ਤੁਸੀਂ ਉਸ ਭਾਸ਼ਾ ਦੇ ਲੇਖਕ ਨਾਲ ਨਿਆਂ ਕਰ ਰਹੇ ਹੋ?**

ਹਾਂ ਬਿਲਕੁਲ। ਮੈਂ ਕਦੇ ਵੀ ਉਹ ਅਨੁਵਾਦ ਕਾਰਜ ਨਹੀਂ ਕੀਤਾ ਜਿਸ ਨਾਲ ਮੈਂ ਨਿਆਂ ਨਾ ਕਰ ਸਕਾਂ। ਜਦੋਂ ਤਕ ਮੈਂ ਅਨੁਵਾਦ ਕਰਨ ਵਾਲੀ ਰਚਨਾ ਨੂੰ ਆਪਣੇ ਵਿਚ ਆਤਮਸਾਤ ਨਹੀਂ ਕਰ ਲੈਂਦੀ ਉਹ ਰਚਨਾ ਮੇਰੇ ਨਾਲ ਨਹੀਂ ਤੁਰਦੀ, ਰਚਨਾ ਨੇ ਮੈਨੂੰ ਵਾਰ-ਵਾਰ 'ਵਾਜ਼ ਨਹੀਂ ਮਾਰੀ ਕਿ ਮੈਨੂੰ ਅਨੁਵਾਦ ਕਰ, ਮੈਂ ਅਨੁਵਾਦ ਹੀ ਨਹੀਂ ਕਰਦੀ, ਇਸ ਕਰਕੇ ਮੈਂ ਕਈ ਨਰਾਜ਼ਗੀਆਂ ਵੀ ਝੱਲੀਆਂ। ਅਨੁਵਾਦ ਦਾ ਕਾਰਜ ਪਰ-ਦੇਹੀ ਵਿਚ ਪ੍ਰਵੇਸ਼ ਕਰ ਕੇ ਹੀ ਹੁੰਦਾ। ਮੂਲ ਰਚਨਕਾਰ ਦਾ ਸਿਰ ਆਪਣੇ ਧੜ 'ਤੇ ਲਾ ਕੇ ਹੀ ਅਨੁਵਾਦ ਹੁੰਦਾ ਹੈ। ਰਚਨਾ ਦੀ ਰੂਹ ਦੂਜੀ ਭਾਸ਼ਾ ਵਿਚ ਜਿਉਂਦੀ ਰਹਿਣੀ ਚਾਹੀਦੀ ਹੈ। ਮੈਂ ਅਨੁਵਾਦ ਦੇ ਕੰਮ ਨੂੰ ਦਸਵੰਧ ਵਾਂਗ ਲਿਆ। ਲੇਖਕ ਕੋਲ ਉਸ ਦਾ ਸਮਾਂ ਹੀ ਉਸ ਦੀ ਪੂੰਜੀ ਹੈ। ਇਸ ਪੂੰਜੀ ਵਿੱਚੋਂ ਮੈਂ ਆਪਣੀ ਸਿਰਜਣਾ ਦੇ ਨਾਲ ਆਪਣੇ ਸਮੇਂ ਦਾ ਕੁਝ ਹਿੱਸਾ ਦੋਹਾਂ ਭਾਸ਼ਾਵਾਂ ਨੂੰ ਸਮਰਪਿਤ ਕਰਦੀ ਹਾਂ। ਇਸ ਵਿੱਚੋਂ ਮੈਨੂੰ ਸੰਤੁਸ਼ਟੀ ਮਿਲਦੀ ਹੈ।

- **ਇਨਾਮ ਸਨਮਾਨ ਲੇਖਕ ਦਾ ਕੱਦ ਉੱਚਾ ਕਰਦੇ ਜਾਂ ਰਚਨਾ?**

ਬੇਸ਼ਕ ਰਚਨਾ ਹੀ।

- **ਸਾਹਿਤਕ ਸਫ਼ਰ ਦਾ ਨਿੱਜੀ ਅਨੁਭਵ ਸਾਂਝਾ ਕਰੋ?**

ਇਸ ਸਫ਼ਰ ਵਿਚ ਅਨੇਕਾਂ ਕੌੜੇ-ਮਿੱਠੇ ਅਨੁਭਵ ਹੋਏ।ਕੌੜੇ ਅਨੁਭਵਾਂ ਨੇ ਸਿਖਾਇਆ ਹੈ ਤੇ ਮਿੱਠੇ ਅਨੁਭਵ ਜੋ ਤੁਹਾਡੇ ਖ਼ੂਨ ਦਾ ਹਿੱਸਾ ਬਣ ਜਾਂਦੇ ਹਨ, ਤੁਹਾਨੂੰ ਸਿਰਜਣਾ ਲਈ ਊਰਜਾ ਦਿੰਦੇ ਹਨ, ਹੁਲਾਰਾ ਦਿੰਦੇ ਹਨ।

- **ਪਾਠਕਾਂ ਅਤੇ ਨਵੇਂ ਲੇਖਕਾਂ ਲਈ ਸੁਨੇਹਾ?**

ਅੱਜ ਦਾ ਪਾਠਕ ਬਹੁਤ ਸਮਝਦਾਰ ਹੈ। ਅੱਜ ਦੇ ਸਮੇਂ ਵਿਚ ਮਨੁੱਖ ਕੋਲ ਸੋਸ਼ਲ ਮੀਡੀਆ ਹੈ, ਸੂਚਨਾ ਲਈ ਦੁਨੀਆ ਉਸ ਦੀ ਮੁੱਠੀ ਵਿਚ ਹੈ ਮਨੋਰੰਜਨ ਦੇ ਅਨੇਕਾਂ ਸਾਧਨ ਹਨ, ਇਸ ਸਾਰੀ ਚਕਾਚੌਂਧ ਤੋਂ ਬਚ ਕੇ ਜੇ ਪਾਠਕ ਪੁਸਤਕ ਨਾਲ ਜੁੜਦਾ ਹੈ, ਸ਼ਬਦ ਨਾਲ ਜੁੜਦਾ ਹੈ, ਉਸ ਪਾਠਕ ਨੂੰ ਅਸੀਂ ਸਾਧਾਰਣ ਨਹੀਂ ਕਹਿ ਸਕਦੇ। ਜਿੱਥੋਂ ਤਕ ਨਵੇਂ ਲੇਖਕਾਂ ਦਾ ਸਵਾਲ ਹੈ ਜਰਮਨ ਦਾ ਕਵੀ ਰਿਲਕੇ ਦਾ ਕਹਿਣਾ ਹੈ ਕਿ ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਲਿਖੇ ਬਿਨਾਂ ਜਿਉਂਦੇ ਰਹਿ ਸਕਦੇ ਹੋ ਤਾਂ ਤੁਹਾਨੂੰ ਲਿਖਣਾ ਹੀ ਨਹੀਂ ਚਾਹੀਦਾ ਪਰ ਜੇ ਤੁਹਾਨੂੰ ਲੱਗੇ ਕਿ ਤੁਸੀਂ ਲਿਖੇ ਬਿਨਾਂ ਮਰ ਜਾਵੋਗੇ, ਜਿਉਂਦੇ ਨਹੀਂ ਰਹਿ ਸਕੋਗੇ ਤਾਂ ਹੀ ਤੁਹਾਨੂੰ ਇਸ ਰਾਹ 'ਤੇ ਜਾਣਾ ਚਾਹੀਦਾ ਹੈ।

ਨਵੇਂ ਲੇਖਕਾਂ ਨੂੰ ਜਲਦਬਾਜ਼ੀ ਵਿਚ ਆਪਣੀ ਊਰਜਾ ਦੀ ਵਰਤੋਂ ਇੱਧਰ-ਉੱਧਰ ਨਾ ਕਰ ਕੇ, ਨਿੱਕੇ ਤੋਂ ਨਿੱਕੇ ਪਲਾਂ ਦਾ ਦ੍ਰਿਸ਼ਟਾ ਬਣਨਾ ਚਾਹੀਦਾ ਹੈ। ਕੁਦਰਤ ਦੇ ਨੇੜੇ ਹੋ ਕੇ ਆਪਣੇ ਉਸ ਬਿੰਦੂ ਨੂੰ ਉਸ ਕੇਂਦਰ ਨੂੰ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ, ਜੋ ਸਿਰਜਣਾ ਕਰਵਾਉਂਦਾ ਹੈ। ਆਪਣੀ ਇਕੱਲ ਨੂੰ ਪਿਆਰ ਕਰਨਾ ਚਾਹੀਦਾ ਹੈ।

ਹਰ ਕਲਾਕਾਰ ਲਈ ਉਸ ਦੀ ਕਲਾ ਹੀ ਅਨੰਤ ਵੱਲ ਜਾਣ ਦਾ ਰਸਤਾ ਹੈ। ਉਸੇ ਵਿਚ ਉਸ ਦੀ ਮੁਕਤੀ ਹੈ, ਸੰਤੁਸ਼ਟੀ ਹੈ। ਨਵਾਂ ਲੇਖਕ ਗਿਣਤੀ ਦੀ ਦੌੜ ਤੋਂ ਪਾਸੇ ਹੋ ਕੇ ਰਚਨਾ ਨੂੰ ਸਮਾਂ ਦੇਵੇ, ਧੀਰਜ ਦਿਖਾਵੇ ਕਿਉਂਕਿ ਹਰ ਚੀਜ਼ ਜਨਮ ਤੋਂ ਪੱਕਣ ਲਈ ਸਮਾਂ ਲੈਂਦੀ ਹੈ।

• ਗੁਰਪ੍ਰੀਤ ਡੈਨੀ
97792-50653

ਸਭ ਤੋਂ ਵੱਡੀ ਦੌਲਤ ਵਿਅਕਤੀ ਦਾ ਵਿਵਹਾਰ

• ਕੈਲਾਸ਼ ਚੰਦਰ ਸ਼ਰਮਾ
9877466607

ਸਮਾਜਿਕ ਜੀਵਨ ਵਿਚ ਸਬੰਧਾਂ ਦੀ ਬਹੁਤ ਮਹੱਤਤਾ ਹੈ। ਇਨ੍ਹਾਂ ਸਬੰਧਾਂ ਨੂੰ ਜ਼ਿੰਮੇਵਾਰੀ ਨਾਲ ਨਿਭਾਉਣ 'ਤੇ ਸਨੇਹ ਉਪਜਦਾ ਹੈ ਜਿਸ ਦੇ ਮਿੱਠੇ ਵਜੋਂ ਆਚਰਣ ਵਿਚ ਸਹਿਜਤਾ, ਸਹਿਣਸ਼ੀਲਤਾ, ਤਾਲਮੇਲ ਵਰਗੇ ਗੁਣ ਵਿਕਸਤ ਹੁੰਦੇ ਹਨ ਜੋ ਜੀਵਨ ਨੂੰ ਅਨੰਦ-ਦਾਇਕ ਬਣਾਉਣ ਵਿਚ ਸਹਾਇਕ ਹੁੰਦੇ ਹਨ। ਸਬੰਧਾਂ ਪ੍ਰਤੀ ਜ਼ਿੰਮੇਵਾਰੀ ਨੂੰ ਨਕਾਰਨ ਨਾਲ ਨਕਾਰਾਤਮਕ ਵਿਚਾਰ ਅਤੇ ਬੌਧਿਕ ਅਸ਼ਾਂਤੀ ਪੈਦਾ ਹੁੰਦੀ ਹੈ ਜੋ ਆਦਾਨ-ਪ੍ਰਦਾਨ, ਵਿਚਾਰ-ਵਟਾਂਦਰੇ ਅਤੇ ਸੇਵਾ-ਸਨਮਾਨ ਵਰਗੇ ਗੁਣਾਂ ਦੀ ਮਨੁੱਖ ਵਿੱਚੋਂ ਗ਼ੈਰ-ਮੌਜੂਦਗੀ ਦਾ ਕਾਰਨ ਬਣਦੀ ਹੈ। ਜੇਕਰ ਸ਼ਾਂਤ-ਮਨ ਨਾਲ ਵਿਚਾਰ ਕਰ ਕੇ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਕੁਝ ਬੁਨਿਆਦੀ ਸਿਧਾਂਤਾਂ ਨੂੰ ਅਪਣਾਉਂਦੇ ਹੋਏ ਜੀਵਨ ਵਿਚ ਵਿਚਰਿਆ ਜਾਵੇ ਤਾਂ ਜ਼ਿੰਦਗੀ ਵਿਚ ਕਦੇ ਵੀ ਅਸਫਲਤਾ, ਨਿਰਾਸ਼ਾ ਜਾਂ ਉਦਾਸੀ ਦਾ ਮੂੰਹ ਨਹੀਂ ਵੇਖਣਾ ਪੈਂਦਾ।

ਸਾਡੇ ਆਪਸੀ ਸਬੰਧਾਂ ਨੂੰ ਮਜ਼ਬੂਤ ਅਤੇ ਸਦਾ ਜਿਉਂਦੇ ਰੱਖਣ ਲਈ ਵਿਅਕਤੀ ਦਾ ਵਿਵਹਾਰ ਬਹੁਤ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਜਿੰਨਾ ਪ੍ਰਭਾਵਸ਼ਾਲੀ ਤੁਹਾਡਾ ਵਿਵਹਾਰ ਹੋਵੇਗਾ ਲੋਕ ਓਨਾ ਹੀ ਤੁਹਾਡੇ ਨੇੜੇ ਆਉਣ ਦੀ ਕੋਸ਼ਿਸ਼ ਕਰਨਗੇ। ਲੋਕ ਚਿਹਰੇ ਤਾਂ ਭੁੱਲ ਜਾਂਦੇ ਹਨ ਪਰ ਤੁਹਾਡੇ ਦੁਆਰਾ ਕੀਤੇ ਵਿਵਹਾਰ ਨੂੰ ਕਦੇ ਨਹੀਂ ਭੁੱਲਦੇ ਖ਼ਾਸ ਕਰ ਕੇ ਜਦੋਂ ਵਿਅਕਤੀ 'ਤੇ ਬੁਰਾ ਸਮਾਂ ਆਇਆ ਹੋਵੇ। ਜਿਸ ਤਰ੍ਹਾਂ ਮਾੜੀਆਂ ਨੀਹਾਂ 'ਤੇ ਉੱਚੇ ਮਹਿਲ ਨਹੀਂ ਉਸਾਰੇ ਜਾ ਸਕਦੇ ਉਸੇ ਤਰ੍ਹਾਂ ਮਾੜੇ ਵਿਵਹਾਰ ਨਾਲ ਸਬੰਧ ਸੁਖਾਵੇਂ ਨਹੀਂ ਬਣਾਏ ਜਾ ਸਕਦੇ ਅਤੇ ਨਾ ਹੀ ਜੀਵਨ ਵਿਚ ਕਿਸੇ ਤਰ੍ਹਾਂ ਦੀ ਪ੍ਰਸੰਨਤਾ ਦਾ ਪ੍ਰਵੇਸ਼ ਹੋ ਸਕਦਾ ਹੈ। ਸਾਡੇ ਵਿਵਹਾਰ ਨਾਲ ਸਾਡਾ ਇਕ ਅਕਸ ਬਣਦਾ ਹੈ ਅਤੇ ਸਮਾਜ ਇਸੇ ਅਕਸ ਨਾਲ ਸਾਨੂੰ ਜਾਣਦਾ ਪਛਾਣਦਾ ਹੈ। ਕੋਈ ਵਿਅਕਤੀ ਕਿੰਨਾ ਵੀ ਅਮੀਰ ਜਾਂ ਰੂਪਮਾਨ ਕਿਉਂ ਨਾ ਹੋਵੇ ਪਰ ਜੇ ਉਸ ਦਾ ਵਿਵਹਾਰ ਚੰਗਾ ਨਹੀਂ ਹੈ ਤਾਂ ਉਸ ਦੇ ਅਮੀਰ ਜਾਂ ਰੂਪਮਾਨ ਹੋਣ ਦੇ ਕੋਈ ਮਾਅਨੇ ਨਹੀਂ ਹਨ। ਸਾਡੇ ਚੰਗੇ ਵਿਵਹਾਰ ਨਾਲ ਜਿੱਥੇ ਸਾਹਮਣੇ ਵਾਲਾ ਪ੍ਰਭਾਵਿਤ ਹੁੰਦਾ ਹੈ, ਉੱਥੇ ਸਾਨੂੰ ਵੀ ਅੰਦਰੋਂ ਖ਼ੁਸ਼ੀ ਮਿਲਦੀ ਹੈ।

ਸਾਡਾ ਵਿਵਹਾਰ ਸਾਡਾ ਦੁਸ਼ਮਣ ਵੀ ਹੈ ਅਤੇ ਮਿੱਤਰ ਵੀ। ਜੇਕਰ ਤੁਸੀਂ ਵਿਸ਼ਵਪੱਧਰ ਦੇ ਹੋਣਾ ਚਾਹੁੰਦੇ ਹੋ, ਜਿੰਨੇ ਚੰਗੇ ਹੋ ਉਸ ਤੋਂ ਵੀ ਵੱਧ ਚੰਗੇ ਬਣਨਾ ਚਾਹੁੰਦੇ ਹੋ ਤਾਂ ਬਾਕੀ ਗੱਲਾਂ ਤੋਂ ਇਲਾਵਾ ਇਹ ਤੁਹਾਡੇ ਵਰਤਾਰੇ 'ਤੇ ਨਿਰਭਰ ਕਰਦਾ ਹੈ। ਜਿਸ ਤਰ੍ਹਾਂ ਮੋਮਬੱਤੀ ਕਦੇ ਨਹੀਂ ਬੋਲਦੀ, ਉਸ ਦੀ ਰੋਸ਼ਨੀ ਹੀ ਉਸ ਦੀ ਪਛਾਣ ਦੱਸ ਦਿੰਦੀ ਹੈ, ਉਸੇ ਤਰ੍ਹਾਂ ਤੁਹਾਡਾ ਵਿਵਹਾਰ ਤੁਹਾਡੀ ਸ਼ਖ਼ਸੀਅਤ ਦਾ ਸ਼ੀਸ਼ਾ ਹੁੰਦਾ

ਦੋ ਦਿਨਾਂ ਦੌਰਾ : ਰਾਵੀ-ਬਿਆਸ ਜਲ ਟ੍ਰਿਬਿਊਨਲ ਪੁੱਜਿਆ ਪੰਜਾਬ; ਕਸੂਰ ਦੇ ਦੂਸ਼ਿਤ ਪਾਣੀ ਦੀ ਮਾਰ ਦਿਖਾਏਗਾ ਸੂਬਾ

ਚੰਡੀਗੜ੍ਹ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਰਾਵੀ-ਬਿਆਸ ਜਲ ਟ੍ਰਿਬਿਊਨਲ ਅੱਜ ਪੰਜਾਬ ਦੇ ਦੋ ਦਿਨਾਂ ਦੌਰੇ ਲਈ ਪੰਜਾਬ ਪੁੱਜ ਗਿਆ ਹੈ। ਕਰੀਬ ਸਾਢੇ ਤਿੰਨ ਮਹੀਨੇ ਪਹਿਲਾਂ ਜਲ ਟ੍ਰਿਬਿਊਨਲ ਦੇ ਰਾਹ ਕਿਸਾਨਾਂ ਨੇ ਰੋਪੜ-ਅਨੰਦਪੁਰ ਸਾਹਿਬ ਸੜਕ 'ਤੇ ਧਰਨਾ ਮਾਰ ਕੇ ਰੋਕ ਦਿੱਤੇ ਸਨ ਜਿਸ ਮਗਰੋਂ ਟ੍ਰਿਬਿਊਨਲ ਨੂੰ ਵਾਪਸ ਪਰਤਣਾ ਪਿਆ ਸੀ। ਅੱਜ ਜਲ ਟ੍ਰਿਬਿਊਨਲ ਦੀ ਤਿੰਨ ਮੈਂਬਰੀ ਟੀਮ ਚੇਅਰਮੈਨ ਵਨੀਤ ਸਰਨ ਦੀ ਅਗਵਾਈ 'ਚ ਅੰਮ੍ਰਿਤਸਰ ਪੁੱਜ ਗਈ ਹੈ। ਪੰਜਾਬ ਸਰਕਾਰ ਦੇ ਜਲ ਸਰੋਤ ਵਿਭਾਗ ਨੇ ਜਲ ਟ੍ਰਿਬਿਊਨਲ ਦਾ ਅੱਜ ਸਵਾਗਤ ਕੀਤਾ ਹੈ।

ਰਾਵੀ ਬਿਆਸ ਜਲ ਟ੍ਰਿਬਿਊਨਲ ਦੇ ਚੇਅਰਮੈਨ ਦੀ ਅਗਵਾਈ 'ਚ ਤਿੰਨ ਮੈਂਬਰ ਟੀਮ ਭਲਕੇ ਹਰੀਕੇ ਹੈੱਡ ਵਰਕਸ ਦਾ ਦੌਰਾ ਕਰੇਗੀ। ਪੰਜਾਬ ਸਰਕਾਰ ਤਰਫ਼ੋਂ ਲੂਥਰ ਕੈਨਾਲ ਦਾ ਬੱਲੋਵਾਲ ਹੈੱਡ ਵੀ ਟ੍ਰਿਬਿਊਨਲ ਨੂੰ ਦਿਖਾਇਆ ਜਾਵੇਗਾ। ਪਾਕਿਸਤਾਨ ਦੇ ਕਸੂਰ ਸ਼ਹਿਰ ਦੀ ਚਮੜਾ ਸਨਅਤ ਦਾ ਪਾਣੀ ਸਤਲੁਜ 'ਚ ਵਹਿੰਦਾ ਹੈ ਜਿਸ ਨਾਲ ਫ਼ਿਰੋਜ਼ਪੁਰ ਸ਼ਿੱਤੇ ਨੂੰ ਗੰਦੇ ਪਾਣੀ ਦੀ ਮਾਰ ਝੱਲਣੀ ਪੈ ਰਹੀ ਹੈ। ਕਸੂਰ ਸ਼ਹਿਰ ਦਾ ਦੂਸ਼ਿਤ ਪਾਣੀ ਪੰਜਾਬ ਦੇ ਸਰਹੱਦੀ ਸ਼ਿੱਤੇ ਦੇ ਪਾਣੀ ਨੂੰ ਪਲੀਤ ਕਰ ਰਿਹਾ ਹੈ। ਕਸੂਰ ਦੇ ਦੂਸ਼ਿਤ ਪਾਣੀ ਨਾਲ ਪ੍ਰਭਾਵਿਤ ਸਰਹੱਦੀ ਸ਼ਿੱਤਾ ਵੀ ਟ੍ਰਿਬਿਊਨਲ ਨੂੰ ਪੰਜਾਬ ਸਰਕਾਰ ਦਿਖਾਏਗੀ।

ਜਲ ਟ੍ਰਿਬਿਊਨਲ ਪੰਜਾਬ ਦੌਰੇ ਦੌਰਾਨ ਪਾਣੀ ਦੀ ਸਥਿਤੀ ਦਾ ਮੁਲਾਂਕਣ ਕਰੇਗਾ। ਟ੍ਰਿਬਿਊਨਲ ਦੇਖੇਗਾ ਕਿ ਪਾਣੀ ਕਿਥੋਂ ਕਿੰਨਾ ਆ ਰਿਹਾ ਹੈ ਅਤੇ ਕਿੰਨਾ ਪਾਣੀ ਵਰਤਿਆ ਜਾ ਰਿਹਾ ਹੈ। ਪੰਜਾਬ ਸਰਕਾਰ ਟ੍ਰਿਬਿਊਨਲ ਦੇ ਸਨਮੁਖ ਪੰਜਾਬ ਦੀ ਸਰਹੱਦੀ ਬੈਲਟ 'ਚ ਨਹਿਰੀ ਪਾਣੀ ਦੀ ਕਿੱਲਤ ਦੇ ਵੇਰਵੇ ਵੀ ਰੱਖੇਗੀ। ਟ੍ਰਿਬਿਊਨਲ ਹੁਸੈਨੀਵਾਲਾ ਵੀ ਜਾਵੇਗਾ ਅਤੇ ਪੰਜਾਬ ਦੌਰਾ ਖ਼ਤਮ ਹੋਣ ਮਗਰੋਂ ਟ੍ਰਿਬਿਊਨਲ ਰਾਜਸਥਾਨ ਦਾ ਦੌਰਾ ਸ਼ੁਰੂ ਕਰੇਗਾ। ਪੰਜਾਬ ਵੱਲੋਂ ਟ੍ਰਿਬਿਊਨਲ 'ਤੇ ਜ਼ੋਰ ਪਾਇਆ ਜਾਵੇਗਾ ਕਿ ਪਾਣੀਆਂ ਦੀ ਵੰਡ ਨਵੇਂ ਸਿਰਿਓਂ ਕੀਤੀ ਜਾਵੇ ਕਿਉਂਕਿ ਮੌਜੂਦਾ ਸਮੇਂ ਦਰਿਆਵਾਂ ਵਿਚ ਪਾਣੀਆਂ ਦੀ ਉਪਲਬਧਤਾ ਘੱਟ ਰਹਿ ਗਈ ਹੈ। 1981 ਵਿਚ ਰਾਵੀ ਬਿਆਸ 'ਚ ਪਾਣੀਆਂ ਦੀ ਉਪਲਬਧਤਾ 17.17 ਐੱਮਏਐੱਫ ਸੀ ਜੋ ਕਿ 2021 ਵਿਚ ਘੱਟ ਕੇ 13.0 ਐਮਏਐੱਫ ਰਹਿ ਗਈ ਹੈ।

ਭਾਰਤ ਸਰਕਾਰ ਨੇ ਅਪਰੈਲ 2022 ਵਿਚ ਰਾਵੀ ਬਿਆਸ ਟ੍ਰਿਬਿਊਨਲ ਦਾ ਪੁਨਰਗਠਨ ਕੀਤਾ ਸੀ। ਟ੍ਰਿਬਿਊਨਲ ਕੋਲ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵੱਲੋਂ ਰੀਵਿਊ ਦਰਖਾਸਤ ਦਿੱਤੀ ਹੋਈ ਹੈ। ਦੱਸਣਯੋਗ ਹੈ ਕਿ ਪਾਣੀਆਂ ਦੇ ਮਾਮਲੇ ਤੇ 24 ਜੁਲਾਈ 1985 ਨੂੰ ਰਾਜੀਵ ਲੌਂਗੋਵਾਲ ਸਮਝੌਤਾ ਹੋਇਆ ਸੀ ਜਿਸ ਦੇ ਤਹਿਤ ਰਾਵੀ ਬਿਆਸ ਜਲ ਟ੍ਰਿਬਿਊਨਲ ਦਾ ਗਠਨ ਹੋਇਆ ਸੀ।

ਵਿਸ਼ੇਸ਼ ਸੁਧਾਈ ਦੌਰਾਨ ਪੰਜਾਬ 'ਚ ਹੇਰਾ ਫੇਰੀ ਦੇ ਘੱਟ ਆਸਾਰ: ਭਗਵੰਤ ਮਾਨ

ਪ੍ਰਧਾਨ ਮੰਤਰੀ ਖ਼ੁਦ 'ਘਰ ਤੋਂ ਕੰਮ' ਸ਼ੁਰੂ ਕਰਨ: ਮੁੱਖ ਮੰਤਰੀ; ਫਿਨਲੈਂਡ ਲਈ 72 ਅਧਿਆਪਕ ਰਵਾਨਾ

ਚੰਡੀਗੜ੍ਹ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪ੍ਰਧਾਨ ਮੰਤਰੀ ਵੱਲੋਂ ਸੰਜਮ ਵਰਤਣ ਦੀ ਅਪੀਲ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਖ਼ੁਦ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਦੇਸ਼ ਘੁੰਮ ਰਹੇ ਹਨ ਅਤੇ ਬਾਕੀਆਂ ਨੂੰ ਤੇਲ ਬਚਾਉਣ ਦਾ ਹੋਕਾ ਦੇ ਰਹੇ ਹਨ। ਪ੍ਰਧਾਨ ਮੰਤਰੀ ਵੱਲੋਂ ਵੀ ਵੀ ਆਈ ਪੀਜ਼ ਨੂੰ ਕਾਫ਼ਲੇ ਘਟਾਉਣ ਬਾਰੇ ਦਿੱਤੀ ਨਸੀਹਤ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਬਾਕੀਆਂ ਨੂੰ ਨਸੀਹਤਾਂ ਦੇਣ ਤੋਂ ਪਹਿਲਾਂ ਖ਼ੁਦ 'ਘਰ ਤੋਂ ਕੰਮ' ਸ਼ੁਰੂ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਮਗਰੋਂ ਤੇਲ ਕੀਮਤਾਂ 'ਚ ਕੀਤੇ ਵਾਧੇ ਤੋਂ ਸੱਚ ਸਾਹਮਣੇ ਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਦੂਸਰੇ ਕਿਸੇ ਵੀ ਮੁਲਕ ਨੇ ਜੰਗ ਦੇ ਅਸਰ ਵਜੋਂ ਕੋਈ ਪਾਬੰਦੀ ਨਹੀਂ ਲਾਈ ਹੈ ਜਿਸ ਤਰ੍ਹਾਂ ਭਾਰਤ 'ਚ ਪਾਬੰਦੀਆਂ ਆਇਦ ਕੀਤੀਆਂ ਗਈਆਂ ਹਨ। ਮੁੱਖ ਮੰਤਰੀ ਨੇ ਅੱਜ ਫਿਨਲੈਂਡ 'ਚ ਸਿਖਲਾਈ ਲਈ 72 ਅਧਿਆਪਕਾਂ ਦੇ ਬੈਚ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਮਗਰੋਂ ਕਿਹਾ ਕਿ ਇਹ ਅਧਿਆਪਕ 29 ਮਈ ਤੱਕ ਫਿਨਲੈਂਡ 'ਚ ਸਿਖਲਾਈ ਲੈਣਗੇ। ਵਿਦੇਸ਼ ਸਿਖਲਾਈ ਦੇ ਨਤੀਜੇ ਵੀ ਹੁਣ ਸਾਹਮਣੇ ਆਉਣ ਲੱਗੇ ਹਨ, ਜਿਸ ਦੀ ਮਿਸਾਲ ਨੀਤੀ ਆਯੋਗ ਵੱਲੋਂ ਹਾਲ 'ਚ ਹੀ ਪੰਜਾਬ ਨੂੰ ਨੰਬਰ ਵਨ ਐਲਾਨੇ ਜਾਣਾ ਹੈ।

ਭਾਰਤੀ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ 'ਤੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਤਸੱਲੀ ਜ਼ਾਹਿਰ ਕਰਦੇ ਨਜ਼ਰ ਆਏ। ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਜਾਂ ਹਰਿਆਣਾ ਦੀ ਤਰ੍ਹਾਂ ਪੰਜਾਬ 'ਚ ਵੋਟਰਾਂ ਦੀ ਵੱਡੀ ਕਾਟ ਛਾਂਟ ਕੀਤੀ ਜਾਣੀ ਸੰਭਵ ਨਹੀਂ ਹੈ ਕਿਉਂਕਿ ਲੋਕ ਇੱਕ ਦੂਜੇ ਨਾਲ ਨੇੜਿਓਂ ਜੁੜੇ ਹੋਏ ਹਨ। ਪੰਜਾਬ 'ਚ ਵਿਸ਼ੇਸ਼ ਸੁਧਾਈ ਦੌਰਾਨ ਹੇਰਾ ਫੇਰੀ ਦੇ ਬਹੁਤ ਘੱਟ ਆਸਾਰ ਹਨ। ਉਨ੍ਹਾਂ ਕਿਹਾ ਕਿ ਐੱਸ ਆਈ ਆਰ ਪੰਜਾਬ 'ਚ ਇਮਾਨਦਾਰੀ ਨਾਲ ਹੋਵੇ। ਉਨ੍ਹਾਂ ਦੱਸਿਆ ਕਿ 'ਆਪ' ਵੱਲੋਂ ਸੁਧਾਈ ਦੌਰਾਨ ਵਲੰਟੀਅਰ ਤਾਇਨਾਤ ਰਹਿਣਗੇ ਅਤੇ ਚੋਣ ਕਮਿਸ਼ਨ ਨੂੰ ਵੀ ਸੁਧਾਈ ਪ੍ਰਕਿਰਿਆ ਦੌਰਾਨ ਸਭ ਦੀ ਤਸੱਲੀ ਕਰਾਉਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਨਿਗਮ ਤੇ ਕੌਂਸਲ ਚੋਣਾਂ ਵੱਡੇ ਬਹੁਮਤ ਨਾਲ ਜਿੱਤਣ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਪਹਿਲਾਂ ਪੰਚਾਇਤ ਚੋਣਾਂ 'ਚ ਲੋਕਾਂ ਨੇ 'ਆਪ' ਦੇ ਹੱਕ 'ਚ ਫ਼ਤਵਾ ਦਿੱਤਾ ਹੈ ਅਤੇ ਹੁਣ ਸ਼ਹਿਰੀ ਲੋਕ ਵੀ 'ਆਪ' ਸਰਕਾਰ ਦੇ ਕੰਮਾਂ 'ਤੇ ਮੋਹਰ ਲਾਉਣਗੇ। ਸ਼੍ਰੋਮਣੀ ਅਕਾਲੀ ਦਲ ਵੱਲੋਂ ਉਮੀਦਵਾਰਾਂ ਨੂੰ ਐੱਨ ਓ ਸੀ ਨਾ ਮਿਲਣ ਦੇ ਸੁਆਲ ਦੇ ਜੁਆਬ 'ਚ ਮੁੱਖ ਮੰਤਰੀ ਨੇ ਕਿਹਾ, ''ਸ਼੍ਰੋਮਣੀ ਅਕਾਲੀ ਦਲ ਨੂੰ ਤਾਂ ਲੋਕ ਹੀ ਐਨ ਓ ਸੀ ਨਹੀਂ ਦੇ ਰਹੇ।''

ਮੁੱਖ ਮੰਤਰੀ ਨੇ ਹਰਿਆਣਾ ਨੂੰ ਪਾਣੀ ਦਿੱਤੇ ਜਾਣ ਦੇ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਨਿਰਧਾਰਿਤ ਸਮੇਂ 'ਤੇ ਹਰਿਆਣਾ ਨੂੰ ਬਣਦਾ ਪਾਣੀ ਮਿਲੇਗਾ। ਉਨ੍ਹਾਂ ਇਹ ਵੀ ਪੁਸ਼ਟੀ ਕੀਤੀ ਕਿ ਅਕਾਲੀ ਨੇਤਾ ਸੁਰਜੀਤ ਸਿੰਘ ਰੱਖੜਾ ਬੇਅਦਬੀ ਖ਼ਿਲਾਫ਼ ਕਾਨੂੰਨ ਤੋਂ ਪ੍ਰਭਾਵਿਤ ਹੋ ਕੇ 'ਆਪ' 'ਚ ਅੱਜ ਸ਼ਮੂਲੀਅਤ ਕਰ ਰਹੇ ਹਨ। ਅੱਜ ਇਸ ਮੌਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੀ ਹਾਜ਼ਰ ਸਨ।

ਅਕਾਲੀ ਆਗੂ ਦੇ ਨੌਜਵਾਨ ਪੁੱਤਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਕਾਤਲਾਨਾ ਹਮਲਾ, ਹਾਲਤ ਬੇਹੱਦ ਗੰਭੀਰ

ਬਠਿੰਡਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂ ਅਤੇ ਸਾਬਕਾ ਕੌਂਸਲਰ ਨਰਦੀਪ ਗਰਗ (ਕੱਦੂ) ਦੇ ਨੌਜਵਾਨ ਬੇਟੇ ਜੈ ਦੀਪ ਗਰਗ 'ਤੇ ਬੀਤੀ ਰਾਤ ਬੇਗਾ ਰੋਡ 'ਤੇ ਸ਼ਾਂਤੀ ਹਾਲ ਨਜ਼ਦੀਕ ਕਾਰ ਵਿੱਚੋਂ ਧੂਹ ਕੇ ਸੱਤ ਅੱਠ ਅਣਪਛਾਤੇ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਤੇਜਧਾਰ ਹਥਿਆਰਾਂ ਨਾਲ ਕਾਤਲਾਨਾ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸ ਮੰਦਭਾਗੀ ਘਟਨਾ ਵਿੱਚ ਜੈ ਦੀਪ ਦੇ ਸਰੀਰ 'ਤੇ ਡੂੰਘੇ ਜ਼ਖ਼ਮ ਸਨ ਅਤੇ ਉਹ ਖ਼ੂਨ ਨਾਲ ਲੱਥਪੱਥ ਸੜਕ 'ਤੇ ਮੂਧੇ ਮੂੰਹ ਪਿਆ ਸੀ।ਪੀੜਤ ਪਰਿਵਾਰ ਨੇ ਉਸ ਨੂੰ ਤੁਰੰਤ ਚੁੱਕ ਕੇ ਨੇੜਲੇ ਆਦੇਸ਼ ਹਸਪਤਾਲ ਵਿੱਚ ਭਰਤੀ ਕਰਵਾਇਆ, ਜਿੱਥੇ ਉਸ ਦਾ ਇਲਾਜ਼ ਚੱਲ ਰਿਹਾ ਹੈ। ਜਾਣਕਾਰੀ ਅਨੁਸਾਰ ਜੈ ਦੀਪ ਗਰਗ ਦੇ ਨੱਕ ਦੀ ਹੱਡੀ ਟੁੱਟ ਗਈ ਅਤੇ ਇੱਕ ਅੱਖ ਬਾਹਰ ਲਮਕ ਗਈ ਸੀ। ਡਾਕਟਰਾਂ ਨੇ ਉਨ੍ਹਾਂ ਦੀ ਸਰਜ਼ਰੀ ਕਰ ਦਿੱਤੀ ਹੈ ਅਤੇ ਸਰੀਰ 'ਤੇ ਬਣੇ ਬਾਕੀ ਗੰਭੀਰ ਜ਼ਖ਼ਮਾਂ ਦਾ ਇਲਾਜ਼ ਜਾਰੀ ਹੈ।

ਇਸ ਘਟਨਾ ਕਾਰਨ ਸ਼ਹਿਰ ਵਾਸੀਆਂ ਵਿੱਚ ਭਾਰੀ ਰੋਸ ਫੈਲ ਗਿਆ। ਉਨ੍ਹਾਂ ਪੀੜਤ ਪਰਿਵਾਰ ਦੇ ਹੱਕ ਵਿੱਚ ਖੜ੍ਹਦਿਆਂ ਆਪਣੇ ਕਾਰੋਬਾਰ ਬੰਦ ਕਰਕੇ ਇਨਸਾਫ ਲਈ ਵੱਡੀ ਗਿਣਤੀ ਵਿੱਚ ਭੁੱਚੋ ਪੁਲੀਸ ਚੌਕੀ ਅੱਗੇ ਇਕੱਠੇ ਹੋ ਗਏ। ਉਨ੍ਹਾਂ ਪੁਲੀਸ ਅੱਗੇ ਭਾਰੀ ਰੋਸ ਜ਼ਾਹਰ ਕੀਤਾ। ਅਖੀਰ ਡੀਐਸਪੀ ਭੁੱਚੋ ਪ੍ਰਿਤਪਾਲ ਸਿੰਘ ਅਤੇ ਐਸ.ਐਚ.ਓ. ਮੇਜਰ ਸਿੰਘ ਨੇ ਸ਼ਹਿਰ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਮੁਲਜ਼ਮਾਂ ਦੀ ਜਲਦੀ ਭਾਲ ਕਰ ਲਈ ਜਾਵੇਗੀ। ਇਸ ਜਾਂਚ ਲਈ ਅਧਿਕਾਰੀਆਂ ਨੇ ਲੋਕਾਂ ਤੋਂ ਦੋ ਘੰਟੇ ਦੀ ਮੋਹਲਤ ਮੰਗੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਭੁੱਚੋ ਦੇ ਇੰਚਾਰਜ਼ ਡਾ: ਦਲਜੀਤ ਸਿੰਘ ਗੁਰੂ, ਭਾਜਪਾ ਦੇ ਸੀਨੀਅਰ ਆਗੂ ਵਿਨੋਦ ਬਿੰਟਾ ਅਤੇ ਨਗਰ ਕੌਂਸਲ ਦੇ ਪ੍ਰਧਾਨ ਜੋਨੀ ਬਾਂਸਲ ਨੇ ਇਸ ਘਟਨਾ ਨੂੰ ਬੇਹੱਦ ਮੰਦਭਾਗਾ ਦੱਸਿਆ।ਉਨ੍ਹਾਂ ਪੁਲੀਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਮੁਲਜ਼ਮਾਂ ਨੂੰ ਗਿਫ਼ਤਾਰ ਕਰਕੇ ਸਖ਼ਤ ਸਜਾਵਾਂ ਦਿਵਾਈਆਂ ਜਾਣ। ਜੈ ਦੀਪ ਗਰਗ ਦੇ ਪਿਤਾ ਨਰਦੀਪ ਗਰਗ ਨੇ ਕਿਹਾ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਰੰਜਿਸ਼ ਨਹੀਂ ਸੀ। ਇਹ ਘਟਨਾ ਕਿਵੇਂ ਵਾਪਰੀ ਇਸ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ।

ਪੰਜਾਬ ਦੇ ਆਰਮੀ ਪਬਲਿਕ ਸਕੂਲਾਂ 'ਚ ਪੰਜਾਬੀ ਨੂੰ ਨੁੱਕਰੇ ਲਾ ਕੇ ਸੰਸਕ੍ਰਿਤ ਲਾਜ਼ਮੀ ਕਰਨ 'ਤੇ ਭੜਕੇ ਬੁੱਧੀਜੀਵੀ; ਦੱਸਿਆ ਸ਼ਰੇਆਮ ਧੱਕਾ

ਫ਼ਿਰੋਜ਼ਪੁਰ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਆਰਮੀ ਪਬਲਿਕ ਸਕੂਲਾਂ ਵਿੱਚ ਮਾਂ ਬੋਲੀ ਪੰਜਾਬੀ ਨੂੰ ਪਿਛਾਂਹ ਧੱਕ ਕੇ ਸੰਸਕ੍ਰਿਤ ਭਾਸ਼ਾ ਨੂੰ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰਨ ਦਾ ਇੱਕ ਬੇਹੱਦ ਗੰਭੀਰ ਅਤੇ ਵਿਵਾਦਿਤ ਮਾਮਲਾ ਸਾਹਮਣੇ ਆਇਆ ਹੈ। ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਲਏ ਗਏ ਇਸ ਫ਼ੈਸਲੇ ਖ਼ਿਲਾਫ਼ 'ਸਾਹਿਤਕ ਸੰਸਥਾ ਕਲਾਪੀਠ ਫ਼ਿਰੋਜ਼ਪੁਰ' ਅਤੇ ਸੂਬੇ ਦੇ ਬੁੱਧੀਜੀਵੀਆਂ ਨੇ ਤਿੱਖਾ ਰੋਸ ਪ੍ਰਗਟਾਇਆ ਹੈ। ਲੇਖਕਾਂ ਨੇ ਇਸ ਕਦਮ ਨੂੰ ਪੰਜਾਬ ਦੇ ਭਾਸ਼ਾ ਕਾਨੂੰਨ ਦੀ ਸ਼ਰੇਆਮ ਉਲੰਘਣਾ ਅਤੇ ਪੰਜਾਬੀ ਵਿਦਿਆਰਥੀਆਂ ਦੇ ਹੱਕਾਂ 'ਤੇ ਡਾਕਾ ਕਰਾਰ ਦਿੱਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ, ਸਕੂਲ ਪ੍ਰਬੰਧਕਾਂ ਵੱਲੋਂ ਬੱਚਿਆਂ ਦੇ ਮਾਪਿਆਂ ਤੋਂ ਇੱਕ ਅਜਿਹੇ ਐਲਾਨਨਾਮ¶ (Undertaking) 'ਤੇ ਜ਼ਬਰਦਸਤੀ ਦਸਤਖ਼ਤ ਕਰਵਾਏ ਜਾ ਰਹੇ ਹਨ, ਜਿਸ ਤਹਿਤ ਵਿਦਿਆਰਥੀਆਂ ਨੂੰ ਪੰਜਾਬੀ ਸਿਰਫ਼ ਇੱਕ ਵਾਧੂ (ਐਡੀਸ਼ਨਲ) ਵਿਸ਼ੇ ਵਜੋਂ ਪੜ੍ਹਨ ਦੀ ਸਹਿਮਤੀ ਦੇਣੀ ਪਵੇਗੀ, ਜਦਕਿ ਸੰਸਕ੍ਰਿਤ ਨੂੰ ਮੁੱਖ ਵਿਸ਼ਾ ਬਣਾਇਆ ਜਾ ਰਿਹਾ ਹੈ।

ਸ਼ਬਦ ਸੱਭਿਆਚਾਰ ਲਈ ਨਿਰੰਤਰ ਯਤਨਸ਼ੀਲ ਸੰਸਥਾ 'ਕਲਾਪੀਠ ਫ਼ਿਰੋਜ਼ਪੁਰ' ਦੇ ਪ੍ਰਧਾਨ ਪ੍ਰੋ. ਜਸਪਾਲ ਘਈ, ਜਨਰਲ ਸਕੱਤਰ ਸੁਖਜਿੰਦਰ, ਪ੍ਰੋ. ਗੁਰਤੇਜ ਕੋਹਾਰਵਾਲਾ, ਪ੍ਰੋ. ਕੁਲਦੀਪ, ਰਾਜੀਵ ਖ਼ਿਆਲ, ਸੁਰਿੰਦਰ ਕੰਬੋਜ, ਸੁਖਦੇਵ ਭੱਟੀ ਅਤੇ ਹਰਮੀਤ ਵਿਦਿਆਰਥੀ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਪੰਜਾਬ ਦੇ ਹੀ ਬੱਚਿਆਂ ਨੂੰ ਆਪਣੀ ਮਾਂ ਬੋਲੀ ਤੋਂ ਵਾਂਝਾ ਕਰਨਾ ਬਹੁਤ ਮੰਦਭਾਗਾ ਅਤੇ ਚਿੰਤਾਜਨਕ ਹੈ।

ਉਕਤ ਬੁੱਧੀਜੀਵੀਆਂ ਨੇ ਸਪੱਸ਼ਟ ਕੀਤਾ ਕਿ ਪੰਜਾਬ ਦੇ ਭਾਸ਼ਾ ਕਾਨੂੰਨ-2008 ਅਤੇ ਨਵੀਂ ਸਿੱਖਿਆ ਨੀਤੀ (NEP) ਦੇ ਨਿਯਮਾਂ ਅਨੁਸਾਰ, ਸੂਬੇ ਦੇ ਹਰੇਕ ਸਰਕਾਰੀ ਤੇ ਪ੍ਰਾਈਵੇਟ ਸਕੂਲ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਪੜ੍ਹਾਉਣੀ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ।

ਇਸ ਤੋਂ ਇਲਾਵਾ, ਕੌਮੀ ਪਾਠਕ੍ਰਮ ਢਾਂਚਾ (NCF) ਵੀ ਬੱਚਿਆਂ ਲਈ ਮਾਤ ਭਾਸ਼ਾ ਅਧਾਰਿਤ ਸਿੱਖਿਆ ਦੀ ਵਕਾਲਤ ਕਰਦਾ ਹੈ, ਪਰ ਆਰਮੀ ਸੁਸਾਇਟੀ ਇਨ੍ਹਾਂ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਕੇ ਬੱਚਿਆਂ ਦੀ ਭਾਸ਼ਾਈ ਆਜ਼ਾਦੀ 'ਤੇ ਹਮਲਾ ਕਰ ਰਹੀ ਹੈ।

ਨਵੀਂ ਵਿਵਾਦਿਤ ਨੀਤੀ ਮੁਤਾਬਕ ਪੰਜਾਬੀ ਨੂੰ ਚੌਥੇ ਬਦਲ (Option) ਵਜੋਂ ਰੱਖਿਆ ਗਿਆ ਹੈ। ਸਭ ਤੋਂ ਖ਼ਤਰਨਾਕ ਸ਼ਰਤ ਇਹ ਹੈ ਕਿ ਜੇਕਰ ਕਿਸੇ ਜਮਾਤ ਵਿੱਚ 15 ਤੋਂ ਘੱਟ ਵਿਦਿਆਰਥੀ ਪੰਜਾਬੀ ਵਿਸ਼ੇ ਦੀ ਚੋਣ ਕਰਦੇ ਹਨ, ਤਾਂ ਸਕੂਲ ਪ੍ਰਬੰਧਕ ਉੱਥੇ ਪੰਜਾਬੀ ਦਾ ਅਧਿਆਪਕ ਵੀ ਨਿਯੁਕਤ ਨਹੀਂ ਕਰੇਗਾ।

ਅਜਿਹੀ ਸਥਿਤੀ ਵਿੱਚ ਬੱਚੇ ਸਕੂਲ ਦੀ ਬਜਾਏ ਘਰ ਬੈਠ ਕੇ ਆਪਣੇ ਪੱਧਰ 'ਤੇ ਪੰਜਾਬੀ ਪੜ੍ਹਨ ਲਈ ਮਜਬੂਰ ਹੋਣਗੇ, ਜੋ ਕਿ ਪੰਜਾਬ ਦੇ ਲੋਕਾਂ ਨਾਲ ਸਿੱਧਾ ਵਿਤਕਰਾ ਹੈ। ਇਸ ਫ਼ੈਸਲੇ ਕਾਰਨ ਬੱਚਿਆਂ ਦੇ ਮਾਪਿਆਂ ਅੰਦਰ ਵੀ ਗੰਭੀਰ ਚਿੰਤਾ ਪਾਈ ਜਾ ਰਹੀ ਹੈ।

ਸਾਹਿਤਕ ਸੰਸਥਾ ਕਲਾਪੀਠ ਫ਼ਿਰੋਜ਼ਪੁਰ ਨੇ ਸੰਯੁਕਤ ਬਿਆਨ ਵਿੱਚ ਕਿਹਾ, ਕਲਾਪੀਠ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਇਸ ਅਨਿਆਂ ਵਿਰੁੱਧ ਤੁਰੰਤ ਸਖ਼ਤ ਕਦਮ ਚੁੱਕੇ ਜਾਣ ਅਤੇ ਸੀ.ਬੀ.ਐਸ.ਈ. (CBSE) ਨੂੰ ਮਜਬੂਰ ਕੀਤ

ਮੇਰਾ ਮਨ ਲੋਚੇ ਗੁਰਦਰਸਨ ਤਾਈ

ਇਤਿਹਾਸ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ

ਉਦਾਸੀਨ ਸੰਪ੍ਰਦਾਇ ਦੇ ਮੋਢੀ ਤੇ ਮਹਾਨ ਤਪੱਸਵੀ ਬਾਬਾ ਸ੍ਰੀ ਚੰਦ ਦੇ ਜ਼ਿਲ੍ਹਾ ਗੁਰਦਾਸਪੁਰ ਅੰਦਰ ਅਨੇਕਾਂ ਚਰਨ ਛੋਹ ਪ੍ਰਾਪਤ ਅਸਥਾਨ ਹਨ ਜਿਨ੍ਹਾਂ 'ਚੋਂ ਗੁਰਦੁਆਰਾ ਟਾਹਲੀ ਸਾਹਿਬ ਦਾ ਪਿਛੋਕੜ ਇਤਿਹਾਸ ਵਿਚ ਨਿਵੇਕਲੀ ਜਗ੍ਹਾ ਰੱਖਦਾ ਹੈ। ਇਹ ਅਸਥਾਨ ਬਟਾਲਾ ਸ਼ਹਿਰ ਤੋਂ ਲਗਪਗ 10 ਕਿਲੋਮੀਟਰ 'ਤੇ ਡੇਰਾ ਬਾਬਾ ਨਾਨਕ ਰੋਡ 'ਤੇ ਦਾਲਮ ਨੰਗਲ ਵਿਖੇ ਸਥਿਤ ਹੈ। ਇਸ ਪਾਵਨ ਅਸਥਾਨ ਦੇ ਪਿਛੋਕੜ ਵੱਲ ਝਾਤੀ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਜਦੋਂ ਬਾਬਾ ਸ੍ਰੀ ਚੰਦ ਜੀ ਸ੍ਰੀਨਗਰ, ਕਸ਼ਮੀਰ ਵਿਚ ਗਏ ਤਾਂ ਉੱਥੇ ਇਕ ਦਿਲ ਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ। ਉੱਥੋਂ ਦੇ ਮੁਸਲਮਾਨ ਹਾਕਮ ਨੇ ਇਕ ਬ੍ਰਾਹਮਣੀ ਸਮਾਜ ਦੇ ਜਵਾਨ ਪੁੱਤਰ ਨੂੰ ਇਸ ਕਰਕੇ ਸਜ਼ਾ-ਏ-ਮੌਤ ਦਿੱਤੀ ਕਿ ਉਸਨੇ ਉਸਦੇ ਹੁਕਮ ਦੀ ਤਾਮੀਲ ਕਰਦਿਆਂ ਇਸਲਾਮ ਨੂੰ ਪ੍ਰਵਾਨ ਕਿਉਂ ਨਹੀਂ ਕੀਤਾ। ਮਰੇ ਹੋਏ ਪੁੱਤਰ ਦੀ ਅਰਥੀ ਲੈ ਕੇ ਉਸਦੀ ਮਾਂ ਬਾਬਾ ਸ੍ਰੀ ਚੰਦ ਜੀ ਦੇ ਧੂਣੇ ਕੋਲ ਪਹੁੰਚ ਗਈ ਤੇ ਵਿਰਲਾਪ ਕਰਦਿਆਂ ਸਾਰੀ ਦਰਦ ਕਹਾਣੀ ਬਿਆਨ ਕੀਤੀ ਅਤੇ ਤਰਲਾ ਪਾਇਆ ਕਿ ਉਸਦੇ ਬੇਕਸੂਰ ਪੁੱਤਰ ਨੂੰ ਆਤਮਿਕ ਸ਼ਕਤੀ ਨਾਲ ਜੀਵਨ ਦਾਨ ਬਖ਼ਸ਼ਿਆ ਜਾਵੇ। ਮਿਹਰ ਦੇ ਸਾਗਰ ਬਾਬਾ ਜੀ ਨੇ ਰਹਿਮ ਦ੍ਰਿਸ਼ਟੀ ਉਸ ਪੁੱਤਰ 'ਤੇ ਪਾਈ ਤੇ ਆਪਣੇ ਕਮੰਡਲ 'ਚੋਂ ਜਲ ਦੇ ਛਿੱਟੇ ਪਾ ਕੇ ਉਸਨੂੰ ਜ਼ਿੰਦਾ ਕਰ ਕੇ ਬ੍ਰਹਮ ਸ਼ਕਤੀ ਦਾ ਚਮਤਕਾਰ ਕੀਤਾ ਜਿਸਦੀ ਪੂਰੇ ਕਸ਼ਮੀਰ ਵਿਚ ਇੰਨੀ ਚਰਚਾ ਹੋਈ ਕਿ ਲੋਕ ਅੱਸ਼-ਅੱਸ਼ ਕਰ ਉੱਠੇ। ਬਾਬਾ ਜੀ ਦੀ ਮਹਾਨ ਉਪਮਾ ਤੋਂ ਪ੍ਰਭਾਵਤ ਹੋ ਕੇ ਤਰਖਾਣ ਜਾਤੀ ਨਾਲ ਸਬੰਧ ਰੱਖਣ ਵਾਲੇ ਦੋ ਭਰਾ ਰਾਮਾ ਤੇ ਦਿੱਤਾ ਆਣ ਹਾਜ਼ਰ ਹੋਏ। ਉਨ੍ਹਾਂ ਬੇਨਤੀ ਕੀਤੀ ਕਿ ਉਨ੍ਹਾਂ ਦੋਵਾਂ ਦੇ ਘਰ ਕੋਈ ਸੰਤਾਨ ਨਹੀਂ ਹੋ ਰਹੀ ਜਿਸ ਕਾਰਨ ਉਨ੍ਹਾਂ ਦੀ ਖ਼ਾਨਦਾਨੀ ਦਾ ਅੰਤ ਨੇੜੇ ਹੈ। ਬਾਬਾ ਜੀ ਨੇ ਉਨ੍ਹਾਂ ਦੀ ਝੋਲੀ ਬਚਨ ਪਾਇਆ ਕਿ ਅਸੀਂ ਜਦੋਂ ਕਸ਼ਮੀਰ ਦਾ ਭ੍ਰਮਣ ਕਰ ਕੇ ਤੁਹਾਡੇ ਇਲਾਕੇ ਵਿਚ ਆਵਾਂਗੇ, ਉਦੋਂ ਤਕ ਤੁਹਾਡੇ ਵਿਹੜੇ ਵਿਚ ਪੁੱਤਰ ਖੇਡ ਰਿਹਾ ਹੋਵੇਗਾ। ਸਮੇਂ ਦੇ ਗੇੜ ਨਾਲ ਉਨ੍ਹਾਂ ਦੇ ਘਰ ਸੰਤਾਨ ਪੈਦਾ ਹੋ ਗਈ ਅਤੇ ਬਾਬਾ ਜੀ ਵੀ ਤਿੰਨ ਕੁ ਸਾਲ ਬਾਅਦ ਇਸ ਧਰਤੀ ਨੂੰ ਭਾਗ ਲਾਉਣ ਵਾਸਤੇ ਆ ਪਹੁੰਚੇ। ਇਲਾਕੇ ਦੀ ਸੰਗਤ ਬਾਬਾ ਜੀ ਦੇ ਦਰਸ਼ਨਾਂ ਨੂੰ ਵਹੀਰਾ ਘੱਤ ਕੇ ਆਈ। ਇਸ ਅਸਥਾਨ 'ਤੇ ਸੰਗਤ ਦੇ ਪ੍ਰੇਮ ਕਾਰਨ ਬਾਬਾ ਜੀ ਲਗਾਤਾਰ ਤਿੰਨ ਮਹੀਨੇ ਗਿਆਰਾਂ ਦਿਨ ਰਹਿ ਕੇ ਪਰਮੇਸ਼ਵਰ ਦਾ ਭਜਨ ਕਰਦੇ ਰਹੇ। ਇਸੇ ਜਗ੍ਹਾ 'ਤੇ ਇਕ ਮਾਤਾ ਦੇ ਜਵਾਨ ਪੁੱਤਰ ਨੂੰ ਬਖ਼ਸ਼ਿਸ਼ ਕਰਕੇ ਨਿਵਾਜਿਆ ਜਿਹੜਾ ਕਿ ਜਨਮ ਤੋਂ ਹੀ ਗੂੰਗਾ ਤੇ ਬੋਲਾ ਸੀ। ਅਨੇਕਾਂ ਬਰਕਤਾਂ ਇਸ ਧਰਤੀ ਦੀ ਝੋਲੀ ਵਿਚ ਪਾ ਕੇ ਇਕ ਦਿਨ ਬਾਬਾ ਜੀ ਨੇ ਟਾਹਲੀ ਦੀ ਟਾਹਣੀ ਦੀ ਦਾਤਨ ਕਰ ਕੇ ਟਾਹਣੀ ਨੂੰ ਇਕ ਧਰਤੀ ਵਿਚ ਗੱਢ ਦਿੱਤਾ ਜਿਹੜੀ ਦਰੱਖ਼ਤ ਦਾ ਰੂਪ ਧਾਰਨ ਕਰ ਗਈ। ਇਸ ਅਸਥਾਨ ਦਾ ਨਾਂ ਹੀ ਸ੍ਰੀ ਟਾਹਲੀ ਸਾਹਿਬ ਮਸ਼ਹੂਰ ਹੋ ਗਿਆ। ਇਥੇ ਸਾਲ ਵਿਚ ਦੋ ਵੱਡੇ ਜੋੜ ਮੇਲੇ ਵਿਸਾਖੀ ਤੇ ਬਾਬਾ ਸ੍ਰੀ ਚੰਦ ਜੀ ਦਾ ਦਿਹਾੜਾ ਮਨਾਇਆ ਜਾਂਦਾ ਹੈ। ਹਰ ਮੱਸਿਆ 'ਤੇ ਸੰਗਤ ਜੁੜਦੀ ਹੈ ਅਤੇ ਸ਼ਰਧਾ ਨਾਲ ਕੀਤੀਆਂ ਅਰਦਾਸਾਂ ਛੇਤੀ ਪ੍ਰਵਾਨ ਹੁੰਦੀਆਂ ਹਨ।

• ਕੁਲਦੀਪ ਸਿੰਘ ਸਲਗਾਨੀਆ

ਮੋਬਾਇਲ ਨੰ. 73552-32490

ਭਾਈ ਘਨ੍ਹੱਈਆ ਜੀ ਦੇ ਜਨਮ ਅਸਥਾਨ ਦਾ ਨਾਂ-ਸੌਦਰ ਸੋਹਦਰਾ ਅਤੇ ਹੁਣ ਸੋਯਰਾ (ਪਾਕਿਸਤਾਨ) ਹੈ।

ਭਾਈ ਘਨ੍ਹੱਈਆ ਜੀ

• ਫ਼ਕੀਰ ਚੰਦ ਤੁਲੀ

ਮਹਾਂ-ਪੁਰਖ ਮਨ ਸੋਚਦੇ, ਤਕ ਸੇਵਾ ਸੰਗ ਵਾਹ,
ਜਾਪੇ 'ਸੇਵਾ-ਪੰਥ' ਦਾ , ਇਹ ਬਣ ਸਕਦਾ ਰਾਹ।
ਬਣ ਸਕਦਾ ਹੈ ਮੇਘ ਇਹ, ਪਿਆਸ ਮਿਟਾਵਣਹਾਰ,
ਦਾਤ ਏਸ ਨੂੰ ਸੇਵ ਦੀ, ਬਖਸ਼ੀ ਅਪਰ-ਅਪਾਰ।
ਇਕੋ ਘੜੀ ਵਿਛੋੜੇ ਦੀ
ਚਹੁੰ ਜੁੱਗਾਂ ਦੇ ਜਿੰਡੀ ਦਾਤਾ, ਇਕੋ ਘੜੀ ਵਿਛੋੜੇ ਦੀ,
ਥੋੜ੍ਹੀ ਜਿਹੀ ਵੀ ਗੱਲ ਨਾ ਮੰਨੀ, ਤੂੰ ਇਸ ਦਿਲ ਦੇ ਥੋੜ੍ਹੇ ਦੀ।
ਲੋਹੜੇ ਦਾ ਦੁੱਖ ਥੋੜ੍ਹਦਿਲੇ ਨੂੰ, ਆਵੇ ਯਾਦ ਰਮਾਈਆਂ ਦੀ,
ਪ੍ਰਭੂ ਮਿਲਾਈਆਂ ਚੇਤੇ ਕਰ-ਕਰ, ਭੜਕੇ ਤੜਫ ਜੁਦਾਈਆਂ ਦੀ।
ਅੰਨ-ਜਲ ਦਾਤਾ ਕਿਸ ਕਾਰੇ ਹੈ, ਸਿੱਖ ਨੂੰ ਜੇ ਦੀਦਾਰ ਨਹੀਂ
ਦਰਸ਼ਨ ਬਾਝੋਂ ਮੇਰੇ ਹਰਿ ਜੀ,ਖਾਣ-ਪੀਣ ਦਰਕਾਰ ਨਹੀਂ।
ਸਾਹਾਂ ਨੂੰ ਫਿਰ ਕੀ ਕਰਨਾ ਹੈ, ਜੇ ਤੇਰਾ ਦਰਬਾਰ ਨਹੀਂ,
ਕਰ-ਕਰ ਓਹੜਾ ਆਪਣੇ ਸਿੱਖ ਨੂੰ ਕੋਹ ਕੋਹ ਏਦਾਂ ਮਾਰ ਨਹੀਂ।
ਕੀ ਜਾਣੇ ਕੋਈ ਬੇਦਿਲ, ਦਾਤਾ! ਦਿਲ 'ਤੇ ਪਏ ਧਵੇੜੇ ਦੀ
ਸ਼ਹਿਦ ਦੇ ਵਿੱਚੋਂ ਕੱਢ ਕੁੜੱਤਣ, ਦਾਤਾ ਤੂੰਮੇ ਕੌੜੇ ਦੀ।
ਬਿਨ ਅੰਨ-ਜਲ ਦੇ ਚੌਦੀਵੇਂ ਦਿਨ,
ਪਈ ਆਵਾਜ਼ ਖ਼ੁਦਾਈਆਂ ਦੀ,
ਜਾਓ ਤੁਸੀ ਅਨੰਦਪੁਰ ਪਾਓ, ਬਖਸ਼ਿਸ਼ ਪ੍ਰਭੂ ਮਿਲਾਈਆਂ ਦੀ।
ਚਾਰ ਚੁਫੇਰੇ ਕੋਈ ਨਾ ਲੱਭਾ, ਤੱਕਿਆ ਚਾਰ ਚੁਫੇਰੇ ਨੂੰ,
ਸੋਚੇ ਇਹ ਹੈ ਮਨ ਦਾ ਫ਼ੁਰਨਾ, ਭੁੱਖ ਡੁਲਾਵੇ ਜੇਰੇ ਨੂੰ
ਫਿਰ ਦਰਸ਼ਨ ਦੀ ਤਾਂਘ 'ਚ ਬੈਠੇ ਛੱਡ ਕੇ ਭੁੱਖ-ਪਿਆਸਾਂ ਨੂੰ,
ਭੁੱਖ-ਪਿਆਸ ਸਿਰਫ਼ ਦਰਸ਼ਨ ਦੀ,
ਰੱਖ ਦਿਲ ਵਿਚ ਧਰਵਾਸਾਂ ਨੂੰ।
ਫੇਰ ਇਕੱਤੀਵੇਂ ਦਿਨ ਆਈ, ਇਕ ਆਵਾਜ਼ ਆਗਾਸਾਂ ਦੀ,
ਜਾਓ ਦਰਸ ਅਨੰਦਪੁਰ ਪਾਓ, ਸੁਣੀ ਗਈ ਅਰਦਾਸਾਂ ਦੀ।
ਕੌਣ ਅਨੰਦਪੁਰ ਵਿਚ ਹੈ ਹਸਤੀ,
ਪੁੱਛਦਾ ਫਿਰਦਾ ਰਾਹੀਆਂ ਨੂੰ
ਕੌਣ ਅਨੰਦਪੁਰ ਵੱਸੇ ਜਿਹੜਾ,
ਬੁੱਝਦਾ ਮਨ ਦੀਆਂ ਆਈਆਂ ਨੂੰ।
ਭਇਆ ਅਨੰਦ, ਅਨੰਦਪੁਰ ਸੁਣ ਕੇ ਆ ਗਏ ਸਾਹ ਨੇ ਸਾਹਾਂ ਨੂੰ,
ਪੁੱਛੇ ਆਉਂਦੇ ਜਾਂਦੇ ਕੋਲੋਂ, ਅਨੰਦਪੁਰ ਦੇ ਰਾਹਾਂ ਨੂੰ।
ਰਾਹੀਆਂ ਨੇ ਸਮਝਾਇਆ, ਪ੍ਰਭ ਜੀ, ਨੌਵੀਂ ਜੋਤ ਜਗਾਈ ਹੈ,
ਜਿਸ ਆਨੰਦ ਦੀ ਨੀਹ ਰਖਵਾ ਕੇ, ਅਨੰਦਪੁਰੀ ਵਸਾਈ ਹੈ।
ਰਾਹੀਆਂ ਰਾਹ ਦਿਖਲਾਇਆ ਉਸ ਨੂੰ,
ਅਨੰਦਪੁਰ ਨੂੰ ਜਾਵਣ ਦਾ
ਜਿਸ ਰਸਤੇ ਤੋਂ ਮੁੱਕ ਜਾਂਦਾ ਹੈ, ਰਸਤਾ ਆਵਣ-ਜਾਵਣ ਦਾ। ਭਇਆ ਅਨੰਦ, ਅਨੰਦਪੁਰ ਚੱਲੇ, ਜਿਉਂ ਸੰਗਤਾਂ ਸਮਝਾਇਆ ਹੈ,
'ਕੱਤੀ ਦਿਨ ਦੀ ਭੁੱਖ ਭੁਲਾ ਕੇ ਝਟਪਟ ਸਫ਼ਰ ਮੁਕਾਇਆ ਹੈ।
ਝਟਪਟ ਸਫ਼ਰ ਮੁਕਾਇਆ ਹੈ,
ਤੇ ਸ੍ਰੀ ਅਨੰਦਪੁਰ ਆਇਆ ਹੈ,
ਸ੍ਰੀ ਅਨੰਦਪੁਰ ਦੀ ਧੂੜੀ ਨੂੰ,
ਉਸ ਮਸਤਕ 'ਤੇ ਲਾਇਆ ਹੈ।
ਨੌਵੇਂ ਸਤਿਗੁਰ ਦੂਰੋਂ ਤੱਕਿਆ,
ਆ ਗਿਆ ਖਰਾ ਰੁਪੱਈਆ ਹੈ।
ਮੈਨੂੰ ਆਪਣੀ ਜਾਨ ਤੋਂ ਪਿਆਰਾ,
ਆ ਗਿਆ ਭਾਈ ਘਨ੍ਹੱਈਆ ਹੈ।
ਭਾਈ ਘਨੱਈਆ ਤੱਕ-ਤੱਕ ਆਖੇ,
ਸਤਿਗੁਰ ਕੈਸੀ ਮਾਇਆ ਹੈ,
ਆਪੇ ਆਪ ਵਿਛੋੜਾ ਪਾ ਕੇ, ਆਪੇ ਆਪ ਮਿਲਾਇਆ ਹੈ,
ਆਪੇ ਖ਼ਾਲੀ ਘੜਾ ਰਖਾ ਕੇ ਸਿੱਖ ਆਪਣਾ ਪਰਤਾਇਆ ਹੈ
ਆਪੇ ਔਖਾ ਪਰਚਾ ਪਾ ਕੇ ਆਪੇ ਪਾਸ ਕਰਾਇਆ ਹੈ।
ਨੌਵੇਂ ਪਾਤਸ਼ਾਹ ਦੇ ਸਨਮੁਖ
ਨਿਹਚਲ ਮਹਿਲ ਨਦਰ ਨਾਨਕ ਦੀ,
ਖ਼ਬਰ ਮਿਲੀ ਜਦ ਘਰ ਨਾਨਕ ਦੀ,
ਖ਼ਬਰ ਮਿਲੀ, ਬੇਖ਼ਬਰ ਹੋ ਗਿਆ,
ਖ਼ਬਰ ਨਾ ਆਪਣੀ ਕਾਈ ਹੇ।
ਨਾਨਕ-ਦਰ-ਦਰਵਾਜ਼ੇ ਜਾ ਕੇ,
ਮਨ-ਅੰਧਲੇ ਨੇ ਅੱਖੀਆਂ ਪਾ ਕੇ,
ਨਵਾਂ-ਨਵਾਂ ਦਰਸ਼ਨ ਦਾ ਚਾਓ,
ਸਤਿਗੁਰ ਬਣਤ ਬਣਾਈ ਹੇ।
ਨੌਵੇਂ ਨਾਨਕ ਦੇ ਦਰ ਵੱਲੇ,
ਭਾਈ ਘਨੱਈਆ ਨਨ੍ਹੂਏਂ ਘੱਲੇ,
ਘੱਲੇ ਤੇ ਪੱਲੇ ਵਿਚ ਪੈ ਗਈ
ਸੇਵਾ-ਸੂਰਮਤਾਈ ਹੇ।
ਸੂਰਮਤਾਈ ਦੀ ਨੀਹ ਰੱਖੀ,
ਅੰਮ੍ਰਿਤ-ਬੂੰਦ ਅਨੰਦਪੁਰ ਚੱਖੀ,
ਸੇਵਾ ਤੇ ਸਿਮਰਨ ਦੇ ਸਦਕਾ,
ਸਤਿਗੁਰ ਟੇਕ-ਟਿਕਾਈ ਹੈ।
ਜੋ ਸ਼ਾਹੁ ਖਾਤਰ ਆਪ ਗਵਾਵੇ,
ਉਹ ਨਾਨਕ ਦਾ ਦਰ ਪਾ ਜਾਵੇ।
ਨਾਨਕ ਦਾ ਦਰ ਪਾਵਣ ਖਾਤਰ,
ਹੋਰਸ ਨਾ ਚਤੁਰਾਈ ਹੇ।

ਚਲਦਾ..

ਮੋਬਾਈਲ : 90419-19908

ਪਵਿੱਤਰ ਤੇ ਬਰਕਤਾਂ ਵਾਲਾ ਮਹੀਨਾ ਰਮਜ਼ਾਨ

ਮੁਹੰਮਦ ਬਸ਼ੀਰ

ਇਸਲਾਮ ਧਰਮ ਪੰਜ ਥੰਮਾਂ ਜਾਂ ਸਿਧਾਂਤਾਂ 'ਤੇ ਖੜ੍ਹਾ ਹੈ। ਜਿਸ ਵਿਚ ਸਭ ਤੋਂ ਪਹਿਲਾ ਥੰਮ ਹੈ ਇਕ ਰੱਬ 'ਤੇ ਵਿਸ਼ਵਾਸ ਕਰਨਾ ਤੇ ਕੇਵਲ ਉਸ ਦੀ ਹੀ ਪੂਜਾ/ਬੰਦਗੀ ਕਰਨਾ ਅਤੇ ਮੁਹੰਮਦ (ਸਲ.) ਨੂੰ ਪੈਗੰਬਰ ਮੰਨ ਕੇ ਉਨ੍ਹਾਂ ਦੁਆਰਾ ਆਪਣੇ ਜੀਵਨ ਵਿਚ ਅਪਣਾਏ ਸਿਧਾਂਤਾਂ ਨੂੰ ਅਪਣਾਉਣਾ ਹੈ। ਦੂਜਾ ਹੈ ਦਿਨ 'ਚ ਪੰਜ ਵਾਰ ਨਮਾਜ਼ ਪੜ੍ਹਨਾ ਭਾਵ ਆਪਣੇ ਰੱਬ ਦੀ ਪੂਜਾ ਕਰਨਾ ਹੈ। ਤੀਜਾ ਥੰਮ ਹੈ ਜ਼ਕਾਤ ਭਾਵ ਆਪਣੀ ਨੇਕ ਕਮਾਈ ਦਾ 40ਵਾਂ ਹਿੱਸਾ (ਢਾਈ ਪ੍ਰਤੀਸ਼ਤ) ਗ਼ਰੀਬਾਂ, ਯਤੀਮਾਂ, ਲੋੜਵੰਦਾਂ ਨੂੰ ਰੱਬ ਦੀ ਰਜ਼ਾ ਲਈ ਦਾਨ ਦੇਣਾ ਹੈ। ਚੌਥਾ ਹੈ ਰਮਜ਼ਾਨ ਦੇ ਪਵਿੱਤਰ ਮਹੀਨੇ ਵਿਚ ਇਕ ਮਹੀਨੇ ਦੇ ਰੋਜ਼ੇ/ਵਰਤ ਰੱਖਣਾ ਹੈ। ਪੰਜਵਾਂ ਥੰਮ ਹੈ ਹੱਜ ਕਰਨਾ। ਭਾਵ ਆਪਣੀ ਜ਼ਿੰਦਗੀ ਵਿਚ ਇਕ ਵਾਰ ਮੱਕੇ (ਜੋ ਕਿ ਸਾਊਦੀ ਅਰਬ ਦਾ ਇਕ ਸ਼ਹਿਰ ਹੈ ਅਤੇ ਮੁਹੰਮਦ ਸਾਹਿਬ ਦਾ ਜਨਮ ਸਥਾਨ ਹੈ) ਦੀ ਯਾਤਰਾ ਕਰਨੀ।

ਰਮਜ਼ਾਨ ਦਾ ਪਵਿੱਤਰ ਮਹੀਨਾ ਅਰਬੀ ਸੰਨ ਹਿਜ਼ਰੀ (ਜੋ ਕਿ ਚੰਦਰਮਾ ਅਨੁਸਾਰ ਹਨ) ਦਾ ਨੌਵਾਂ ਮਹੀਨਾ ਹੈ। ਸ਼ਾਬਾਨ ਅੱਠਵਾਂ ਮਹੀਨਾ ਹੈ। ਖੁਦਾ ਦੇ ਨੇਕ ਬੰਦੇ ਸ਼ਾਬਾਨ ਮਹੀਨਾ ਸ਼ੁਰੂ ਹੁੰਦੇ ਹੀ ਰਮਜ਼ਾਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੰਦੇ ਹਨ।

ਇਸਲਾਮ ਧਰਮ ਦੇ ਬਹੁਤ ਸਾਰੇ ਹੁਕਮਾਂ ਵਾਂਗ ਰੋਜ਼ਾ ਵੀ ਸਹਿਜੇ-ਸਹਿਜੇ ਫਰਜ਼ ਕੀਤਾ ਗਿਆ। ਹਜ਼ਰਤ ਮੁਹੰਮਦ (ਸ.) ਨੇ ਸ਼ੁਰੂ ਵਿਚ ਮੁਸਲਮਾਨਾਂ ਨੂੰ ਹਰ ਮਹੀਨੇ ਕੇਵਲ ਤਿੰਨ ਦਿਨਾਂ ਦੇ ਰੋਜ਼ੇ ਰੱਖਣ ਦੀ ਹਦਾਇਤ ਕੀਤੀ ਸੀ। ਪਰ ਇਹ ਰੋਜ਼ੇ ਫਰਜ਼ ਨਹੀਂ ਸਨ। ਫਿਰ ਸੰਨ 2 ਹਿਜ਼ਰੀ ਵਿਚ ਰਮਜ਼ਾਨ ਮਹੀਨੇ ਦੇ ਰੋਜ਼ਿਆਂ ਦਾ ਹੁਕਮ ਕੁਰਆਨ ਵਿਚ ਨਾਜ਼ਲ ਹੋਇਆ। ਕਿਹਾ ਗਿਆ "ਹੇ ਈਮਾਨ ਲਿਆਉਣ ਵਾਲਿਓ ਰੱਬ ਦੇ ਹੁਕਮ ਨਾਲ ਤੁਹਾਡੇ ਉੱਪਰ ਰੋਜ਼ੇ ਫਰਜ਼ ਕਰ ਦਿੱਤੇ ਗਏ ਹਨ। ਜਿਸ ਤਰ੍ਹਾਂ ਤੁਹਾਡੇ ਤੋਂ ਪਹਿਲੀਆਂ ਉਮਤਾਂ ਤੇ ਫਰਜ਼ ਕੀਤੇ ਗਏ ਸਨ ਤਾਂ ਕਿ ਤੁਹਾਡੇ ਵਿਚ ਪਰਹੇਜ਼ਗਾਰੀ ਦਾ ਗੁਣ ਪੈਦਾ ਹੋ ਜਾਵੇ। ਇੱਥੇ ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਬਿਮਾਰਾਂ, ਮੁਸਾਫਰਾਂ, ਗਰਭਵਤੀ ਜਾਂ ਦੁੱਧ ਚੁੰਘਾਉਣ ਵਾਲੀਆਂ ਇਸਤਰੀਆਂ ਲਈ ਭਾਵ ਜਿਨ੍ਹਾਂ ਵਿਚ ਰੋਜ਼ਾ ਰੱਖਣ ਦੀ ਤਾਕਤ ਨਾ ਹੋਵੇ ਉਨ੍ਹਾਂ ਨੂੰ ਰੋਜ਼ੇ ਰੱਖਣ ਤੋਂ ਛੋਟ ਦਿੱਤੀ ਗਈ ਹੈ। ਪਰਹੇਜ਼ਗਾਰੀ ਤੋਂ ਭਾਵ ਆਪਣੇ ਨਫ਼ਸ 'ਤੇ ਕਾਬੂ ਰੱਖਣਾ ਹੈ। ਇਸ ਮਹੀਨੇ ਵਿਚ ਇਸਲਾਮ ਧਰਮ ਦੀ ਪਵਿੱਤਰ ਕਿਤਾਬ ਕੁਰਆਨ ਸ਼ਰੀਫ਼ ਨਾਜ਼ਲ ਹੋਈ। ਇਸ ਕਰਕੇ ਇਸ ਨੂੰ ਕੁਰਆਨ ਦੀ ਸਾਲ ਗਿਰਾਹ ਦਾ ਮਹੀਨਾ ਵੀ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਰਮਜ਼ਾਨ ਦਾ ਮਹੀਨਾ ਜਿਸ ਨੂੰ ਪਵਿੱਤਰ ਅਤੇ ਬਰਕਤਾਂ ਵਾਲਾ ਮਹੀਨਾ ਕਿਹਾ ਜਾਂਦਾ ਹੈ ਇਸਲਾਮ ਜਗਤ ਵਿਚ ਬਹੁਤ ਮਹੱਤਤਾ ਰੱਖਦਾ ਹੈ। ਇਸ ਮਹੀਨੇ ਵਿਚ ਇਸਲਾਮ ਨੂੰ ਮੰਨਣ ਵਾਲੇ ਭਾਵ ਮੁਸਲਮਾਨ ਪੂਰੇ ਮਹੀਨੇ ਦੇ ਰੋਜ਼ੇ (ਵਰਤ) ਰੱਖਦੇ ਹਨ। ਇਸ ਵਿਚ ਰੱਬ ਵੱਲੋਂ ਆਪਣੀ ਇਬਾਦਤ (ਪੂਜਾ) ਕਰਨ ਦਾ ਬਦਲ 70 ਗੁਣਾ ਤਕ ਵਧਾ ਦਿੱਤਾ ਜਾਂਦਾ ਹੈ। ਇਸ ਦੀ ਮਹੱਤਤਾ ਨੂੰ ਦੱਸਦੇ ਹੋਏ ਇਸਲਾਮ ਧਰਮ ਦੇ ਆਖਰੀ ਪੈਗੰਬਰ ਹਜ਼ਰਤ ਮੁਹੰਮਦ (ਸਲ.) ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ "ਐ ਲੋਕੋ ਤੁਹਾਡੇ ਸਾਹਮਣੇ ਇਕ ਬਹੁਤ ਮੁਬਾਰਕ ਅਤੇ ਬਰਕਤਾਂ ਵਾਲਾ ਮਹੀਨਾ ਆਉਣ ਵਾਲਾ ਹੈ। ਇਸ ਵਿਚ ਇਕ ਰਾਤ ਅਜਿਹੀ ਵੀ ਹੈ ਜਿਸ ਵਿਚ ਕੀਤੀ ਇਬਾਦਤ ਹਜ਼ਾਰ ਮਹੀਨਿਆਂ ਵਿਚ ਕੀਤੀ ਇਬਾਦਤ ਤੋਂ ਚੰਗੀ ਹੈ। ਇਸ ਦੇ ਰੋਜ਼ਿਆਂ ਨੂੰ ਰੱਬ ਨੇ ਤੁਹਾਡੇ 'ਤੇ ਫ਼ਰਜ਼ ਕੀਤਾ ਹੈ ਅਤੇ ਰਾਤ ਦੇ ਕਿਆਮ ਭਾਵ ਤਰਾਵੀ ਦੀ ਨਮਾਜ਼ ਨੂੰ ਤੁਹਾਡੇ ਲਈ ਸਵਾਬ (ਪੁੰਨ) ਦੀ ਚੀਜ਼ ਬਣਾਇਆ ਹੈ। ਕੋਈ ਵੀ ਮਨੁੱਖ ਜੋ ਇਸ ਮਹੀਨੇ ਵਿਚ ਚੰਗਾ ਕੰਮ ਕਰੇਗਾ ਉਸ ਨੂੰ ਫਰਜ਼ ਅਦਾ ਕਰਨ ਦੇ ਬਰਾਬਰ ਸਵਾਬ ਦਿੱਤਾ ਜਾਵੇਗਾ ਤੇ ਜੋ ਫ਼ਰਜ਼ ਅਦਾ ਕਰੇਗਾ ਉਸ ਨੂੰ 70 ਫ਼ਰਜ਼ ਅਦਾ ਕਰਨ ਦੇ ਬਰਾਬਰ ਸਵਾਬ ਦਿੱਤਾ ਜਾਵੇਗਾ"। ਇਹ ਸਬਰ ਦਾ ਮਹੀਨਾ ਹੈ ਤੇ ਮੁਹੰਮਦ (ਸਲ.) ਦੇ ਅਨੁਸਾਰ ਸਬਰ ਦਾ ਬਦਲਾ ਜੰਨਤ (ਸਵਰਗ) ਹੈ। ਇਹ ਗਰੀਬਾਂ, ਯਤੀਮਾਂ, ਵਿਧਵਾਵਾਂ ਆਦਿ ਨਾਲ ਭਲਾਈ ਅਤੇ ਹਮਦਰਦੀ ਕਰਨ ਦਾ ਮਹੀਨਾ ਹੈ। ਇਸ ਮਹੀਨੇ ਵਿਚ ਜਿਸ ਵਿਅਕਤੀ ਉੱਪਰ ਜ਼ਕਾਤ ਫਰਜ਼ ਹੈ ਉਸ ਨੂੰ ਆਪਣੀ ਆਮਦਨ/ਮਾਲ ਵਿੱਚੋਂ 40 ਵਾਂ ਹਿੱਸਾ ਲੋੜਵੰਦਾਂ ਨੂੰ ਦਾਨ ਕਰਨ ਦਾ ਹੁਕਮ ਦਿੱਤਾ ਗਿਆ ਹੈ। ਇਸ ਮਹੀਨੇ ਦੇ ਪਹਿਲੇ ਹਿੱਸੇ ਨੂੰ ਰਹਿਮਤ ਦਾ, ਦੂਜੇ ਹਿੱਸੇ ਨੂੰ ਮਗਫ਼ਿਰਤ ਦਾ ਅਤੇ ਤੀਸਰੇ ਹਿੱਸੇ ਨੂੰ ਜਹੰਨਮ/ਨਰਕ ਤੋਂ ਛੁਟਕਾਰੇ ਦਾ ਕਿਹਾ ਗਿਆ ਹੈ। ਇਸ ਮਹੀਨੇ ਵਿਚ ਨੌਕਰਾਂ ਦੇ ਕੰਮ ਨੂੰ ਘੱਟ ਕਰਨ ਦਾ ਹੁਕਮ ਦਿੱਤਾ ਗਿਆ ਹੈ। ਮੁਹੰਮਦ (ਸਲ.) ਨੇ ਕਿਹਾ "ਜੋ ਵਿਅਕਤੀ ਆਪਣੇ ਰੱਬ ਨੂੰ ਖ਼ੁਸ਼ ਕਰਨ ਲਈ ਕਿਸੇ ਰੋਜ਼ੇਦਾਰ ਦਾ ਰੋਜ਼ਾ ਇਫਤਾਰ ਕਰਵਾਏਗਾ ਅੱਲ੍ਹਾ ਉਸ ਨੂੰ ਵੀ ਰੋਜ਼ਾ ਰੱਖਣ ਵਾਲੇ ਦੇ ਬਰਾਬਰ ਦਾ ਸਵਾਬ ਦੇਣਗੇ ਜਦੋਂ ਕਿ ਰੋਜ਼ਾ ਰੱਖਣ ਵਾਲੇ ਦੇ ਸਵਾਬ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਕੀਤੀ ਜਾਵੇਗੀ"।

ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ; ਕਿਹਾ, ਅਸੀਂ ਪੰਜਾਬ 'ਚੋਂ ਨਸ਼ਿਆਂ ਦਾ ਕਲੰਕ ਮਿਟਾ ਦੇਵਾਂਗੇ

ਬਟਾਲਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਹਰ ਹੀਲੇ ਸੂਬੇ ਵਿੱਚੋਂ ÷ਨਸ਼ਿਆਂ ਦਾ ਕਲੰਕ÷ ਮਿਟਾ ਕੇ ਰਹੇਗੀ। ਉਨ੍ਹਾਂ ਕਿਹਾ ਕਿ ਚੱਲ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੇ ਪਹਿਲਾਂ ਹੀ ਨਸ਼ਾ ਤਸਕਰੀ ਨੈੱਟਵਰਕ ਨੂੰ ਵੱਡਾ ਝਟਕਾ ਦਿੱਤਾ ਹੈ, ਜਿਸ ਤਹਿਤ ਸਿਰਫ਼ 437 ਦਿਨਾਂ ਵਿੱਚ 63,707 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਪੰਜਾਬ ਭਰ ਵਿੱਚ ਨਸ਼ਿਆਂ ਦੇ ਪੈਸੇ ਨਾਲ ਬਣੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ।

ਬਟਾਲਾ ਵਿੱਚ ਸੰਤ ਤ੍ਰਿਲੋਚਨ ਦਾਸ ਜੀ ਮਹਾਰਾਜ ਦੇ 38ਵੇਂ ਗੁਰਗੱਦੀ ਦਿਵਸ ਨੂੰ ਸਮਰਪਿਤ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਅਤੇ ਸੰਗਠਿਤ ਅਪਰਾਧ ਵਿਰੁੱਧ ਲੜਾਈ ਹੁਣ ਲੋਕ ਲਹਿਰ ਬਣ ਗਈ ਹੈ, ਜਿਸ ਵਿੱਚ ਹਰ ਪੰਜਾਬੀ ਪੰਜਾਬ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

ਮੁੱਖ ਮੰਤਰੀ ਨੇ ਪਿਛਲੇ 112 ਦਿਨਾਂ ਵਿੱਚ ਰੀਗੰਸਟਰਾਂ 'ਤੇ ਵਾਰ ਮੁਹਿੰਮ ਤਹਿਤ ਕੀਤੀਆਂ ਗਈਆਂ ਕਾਰਵਾਈਆਂ, ਔਰਤਾਂ ਅਤੇ ਸਿਹਤ ਸੰਭਾਲ ਲਈ ਚੱਲ ਰਹੇ ਭਲਾਈ ਕਾਰਜਾਂ ਅਤੇ ਸੂਬੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ 'ਤੇ ਰੋਕ ਲਾਉਣ ਲਈ ਪੰਜਾਬ ਸਰਕਾਰ ਦੁਆਰਾ ਬਣਾਏ ਗਏ ਬੇਅਦਬੀ ਵਿਰੋਧੀ ਕਾਨੂੰਨ ਸਖ਼ਤ ਕਾਨੂੰਨ ਵਰਗੀਆਂ ਪਹਿਲਕਦਮੀਆਂ 'ਤੇ ਵੀ ਚਾਨਣਾ ਪਾਇਆ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ 400 ਤੋਂ ਵੱਧ ਦਿਨ ਹੋ ਗਏ ਹਨ ਅਤੇ ਇਸ ਮੁਹਿੰਮ ਨੂੰ ਸ਼ਾਨਦਾਰ ਸਫਲਤਾ ਮਿਲੀ ਹੈ। ਅਸੀਂ ਨਸ਼ਿਆਂ ਦੇ ਕਾਰੋਬਾਰ ਦੀ ਰੀੜ੍ਹ ਤੋੜ ਦਿੱਤੀ ਹੈ ਅਤੇ ਇਸ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ। ਨਸ਼ਿਆਂ ਵਿਰੁੱਧ ਇਹ ਕਾਰਵਾਈ ਪੂਰੀ ਤਾਕਤ ਨਾਲ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਇਸ ਲਾਹਨਤ ਦਾ ਪੰਜਾਬ ਵਿੱਚੋਂ ਪੂਰੀ ਤਰ੍ਹਾਂ ਸਫ਼ਾਇਆ ਨਹੀਂ ਹ�ो ਜਾਂਦਾ।

ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੰਜਾਬ ਸਰਕਾਰ ਨੇ ਨਾ ਸਿਰਫ਼ ਨਸ਼ਿਆਂ ਦੀ ਸਪਲਾਈ ਲਾਈਨ ਤੋੜ ਦਿੱਤੀ ਹੈ, ਸਗੋਂ ਪੀੜਤਾਂ ਦਾ ਮੁੜ ਵਸੇਬਾ ਵੀ ਯਕੀਨੀ ਬਣਾਇਆ ਹੈ। ਇਸ ਦੇ ਨਾਲ ਹੀ ਤਸਕਰਾਂ ਦੀਆਂ ਜਾਇਦਾਦਾਂ ਨੂੰ ਢਾਹਿਆ ਅਤੇ ਜ਼ਬਤ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, ਜੇਕਰ ਪੰਜਾਬੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਦ੍ਰਿੜ੍ਹ ਇਰਾਦਾ ਰੱਖਦੇ ਹਨ ਤਾਂ ਕੋਈ ਵੀ ਤਾਕਤ ਸਾਨੂੰ ਇਸ ਮਿਸ਼ਨ ਨੂੰ ਪੂਰਾ ਕਰਨ ਤੋਂ ਨਹੀਂ ਰੋਕ ਸਕਦੀ। ਮੈਂ ਇਸ ਲੜਾਈ ਨੂੰ ਲੋਕ ਲਹਿਰ ਵਿੱਚ ਬਦਲਣ ਲਈ ਲੋਕਾਂ ਕੋਲੋਂ ਪੂਰੇ ਸਮਰਥਨ ਅਤੇ ਸਹਿਯੋਗ ਦੀ ਮੰਗ ਕਰਦਾ ਹਾਂ।

ਪੰਜਾਬ ਦੀ ਅਧਿਆਤਮਿਕ ਵਿਰਾਸਤ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਇਹ ਸਾਡੇ ਸ਼ਹੀਦਾਂ ਦੀ ਧਰਤੀ ਹੈ ਅਤੇ ਇਸ ਦਾ ਕੋਨਾ-ਕੋਨਾ ਮਹਾਨ ਗੁਰੂਆਂ, ਸੰਤਾਂ, ਪੀਰ-ਪੈਗੰਬਰਾਂ ਦੀ ਚਰਨ ਛੋਹ ਪ੍ਰਾਪਤ ਹੈ, ਜਿਨ੍ਹਾਂ ਨੇ ਸਾਨੂੰ ਜ਼ੁਲਮ, ਬੇਇਨਸਾਫ਼ੀ ਅਤੇ ਅੱਤਿਆਚਾਰ ਵਿਰੁੱਧ ਖੜ੍ਹੇ ਹੋਣਾ ਸਿਖਾਇਆ। ਸਾਡੇ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ ਹੀ ਅਸੀਂ ਨਸ਼ਿਆਂ ਵਿਰੁੱਧ ਇਹ ਯੁੱਧ ਸ਼ੁਰੂ ਕੀਤਾ, ਜਿਸ ਦੇ ਨਤੀਜੇ ਹੁਣ ਜ਼ਮੀਨ 'ਤੇ ਦਿਖਾਈ ਦੇ ਰਹੇ ਹਨ। ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਹੋ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਹਮੇਸ਼ਾ ਦੇਸ਼ ਦਾ ਅੰਨ ਭੰਡਾਰ ਅਤੇ ਖੜਗ ਭੁਜਾ ਵਜੋਂ ਜਾਣਿਆ ਜਾਂਦਾ ਰਿਹਾ ਹੈ ਅਤੇ ਇਥੋਂ ਦੇ ਲੋਕ ਦੁਨੀਆ ਭਰ ਵਿੱਚ ਆਪਣੀ ਹਿੰਮਤ, ਸਿਰੜ ਤੇ ਉੱਦਮੀ ਸੁਭਾਅ ਲਈ ਜਾਣੇ ਜਾਂਦੇ ਹਨ। ਉਨ੍ਹਾਂ ਕਿਹਾ, ÷ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਵਿਕਾਸ ਨੂੰ ਅਣਗੌਲਿਆ ਕੀਤਾ, ਜਿਸ ਕਰ ਕੇ ਨੌਜਵਾਨਾਂ ਨੂੰ ਮਜਬੂਰੀ ਵੱਸ ਪੰਜਾਬ ਛੱਡ ਕੇ ਵਿਦੇਸ਼ਾਂ ਵੱਲ ਜਾਣਾ ਪਿਆ। ਇਸ ਦੇ ਉਲਟ ਅੱਜ ਸਾਡੀ ਸਰਕਾਰ 'ਰੈਗਲੇ ਪੰਜਾਬ' ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਲੋਕਾਂ ਦੀ ਭਲਾਈ 'ਤੇ ਕੇਂਦਰਤ ਪ੍ਰਸ਼ਾਸਨ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਲੋਕਾਂ ਦੇ ਟੈਕਸ ਦਾ ਪੈਸਾ ਲੋਕਾਂ ਦਾ ਹੈ ਅਤੇ ਅਸੀਂ ਇਸ ਪੈਸੇ ਨੂੰ ਉਨ੍ਹਾਂ ਦੀ ਭਲਾਈ 'ਤੇ ਪੂਰੀ ਸਮਝਦਾਰੀ ਨਾਲ ਖ਼ਰਚ ਕਰ ਰਹੇ ਹਾਂ। ਹੁਣ ਲੋਕਾਂ ਦਾ ਪੈਸਾ ਭ੍ਰਿਸ਼ਟਾਚਾਰ ਅਤੇ ਲੁੱਟ ਵਿੱਚ ਅਜਾਈਂ ਨਹੀਂ ਜਾਂਦਾ, ਸਗੋਂ ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਲਗਾਇਆ ਜਾ ਰਿਹਾ ਹੈ।÷

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 90 ਫ਼ੀਸਦ ਘਰਾਂ ਨੂੰ ਮੁਫ਼ਤ ਬਿਜਲੀ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਬਿਨਾਂ ਕਿਸੇ ਭ੍ਰਿਸ਼ਟਾਚਾਰ ਤੋਂ ਸੂਬੇ ਦੇ ਨੌਜਵਾਨਾਂ ਨੂੰ 65,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਅਸੀਂ ਸੜਕਾਂ ਨੂੰ ਬਿਹਤਰ ਬਣਾਇਆ ਹੈ, ਟੋਲ ਪਲਾਜ਼ਾ ਬੰਦ ਕੀਤੇ ਹਨ, ਲੋਕਾਂ ਨੂੰ ਰੋਜ਼ਾਨਾ ਲਗਪਗ 70 ਲੱਖ ਰੁਪਏ ਦੀ ਬੱਚਤ ਹੋ ਰਹੀ ਹੈ ਅਤੇ ਸੂਬੇ ਭਰ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਹੈ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਅਤੇ ਸਿੰਜਾਈ ਲਈ ਦਿਨ ਵੇਲੇ ਬਿਜਲੀ ਦਿੱਤੀ ਗਈ ਹੈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲੀ ਹੈ।÷

ਸਿਹਤ ਸੰਭਾਲ ਵਿੱਚ ਕੀਤੇ ਸੁਧਾਰਾਂ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪੰਜਾਬ ਦੇ ਸਾਰੇ 65 ਲੱਖ ਪਰਿਵਾਰਾਂ ਨੂੰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ। ਇਸ ਯੋਜਨਾ ਤਹਿਤ ਹਰ ਪਰਿਵਾਰ 10 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਦਾ ਹੱਕਦਾਰ ਹੈ। ਉਨ੍ਹਾਂ ਕਿਹਾ ਕਿ 30 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਪਹਿਲਾਂ ਹੀ ਸਿਹਤ ਕਾਰਡ ਮਿਲ ਚੁੱਕੇ ਹਨ, ਜਦੋਂ ਕਿ 1.65 ਲੱਖ ਲੋਕਾਂ ਨੇ ਇਸ ਯੋਜਨਾ ਤਹਿਤ ਮੁਫ਼ਤ ਇਲਾਜ ਕਰਵਾਇਆ ਹੈ। ਉਨ੍ਹਾਂ ਅੱਗੇ ਕਿਹਾ, ਮੈਂ ਲੋਕਾਂ ਨੂੰ ਇਨ੍ਹਾਂ ਕਾਰਡਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕਰਦਾ ਹਾਂ।

ਔਰਤਾਂ ਨੂੰ ਵੱਧ ਅਖ਼ਤਿਆਰ ਦੇਣ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਸਰਕਾਰ ਵੱਲੋਂ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਸ਼ੁਰੂ ਗਈ ਕੀਤੀ ਹੈ, ਜਿਸ ਤਹਿਤ ਅਨੁਸੂਚਿਤ ਵਰਗ ਦੀ ਹਰ ਔਰਤ ਨੂੰ ਪ੍ਰਤੀ ਮਹੀਨਾ 1,500 ਰੁਪਏ ਅਤੇ ਹੋਰ ਵਰਗਾਂ ਦੀ ਹਰ ਔਰਤ ਨੂੰ ਪ੍ਰਤੀ ਮਹੀਨਾ 1,000 ਰੁਪਏ ਮਿਲਣਗੇ। ਉਨ੍ਹਾਂ ਕਿਹਾ ਕਿ ਇਹ ਰਕਮ ਸਿੱਧੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤੀ ਜਾਵੇਗੀ ਅਤੇ ਪਹਿਲਾਂ ਹੀ ਸਮਾਜਿਕ ਸੁਰੱਖਿਆ ਪੈਨਸ਼ਨ ਪ੍ਰਾਪਤ ਕਰ ਰਹੀਆਂ ਔਰਤਾਂ ਵੀ ਇਸ ਯੋਜਨਾ ਲਈ ਯੋਗ ਹੋਣਗੀਆਂ। ਉਨ੍ਹਾਂ ਅੱਗੇ ਕਿਹਾ, ਪੰਜਾਬ ਵਿੱਚ ਲਗਪਗ 97 ਫ਼ੀਸਦ ਔਰਤਾਂ ਨੂੰ ਇਸ ਯੋਜਨਾ ਦਾ ਲਾਭ ਮਿਲੇਗਾ ਅਤੇ ਪੰਜਾਬ ਸਰਕਾਰ ਨੇ ਬਜਟ ਵਿੱਚ ਇਸ ਲਈ 9,300 ਕਰੋੜ ਰੁਪਏ ਅਲਾਟ ਕੀਤੇ ਹਨ।

ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਐਕਟ 2026 ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਵਾਹਿਗੁਰੂ ਦੀ ਕਿਰਪਾ ਸਦਕਾ ਇਸ ਇਤਿਹਾਸਕ ਕਾਨੂੰਨ ਨੂੰ ਲਾਗੂ ਕਰ ਕੇ ਮੈਨੂੰ ਮਨੁੱਖਤਾ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ, ਜਿਸ ਵਿੱਚ ਬੇਅਦਬੀ ਲਈ ਸਖ਼ਤ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਇਹ ਐਕਟ ਭਵਿੱਖ ਵਿੱਚ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਰੋਕਣ ਵਿੱਚ ਮਦਦ ਕਰੇਗਾ।÷

ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਪੰਜਾਬ ਵਿੱਚ ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੇ ਉਦੇਸ਼ ਨਾਲ ਵਿੱਢੀ ਡੂੰਘੀ ਸਾਜ਼ਿਸ਼ ਤਹਿਤ ਕਰਵਾਈਆਂ ਗਈਆਂ ਸਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਇਸ ਅਪਰਾਧ ਵਿੱਚ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰ ਸਿੱਖ ਲਈ ਪਿਤਾ ਵਾਂਗ ਹਨ ਅਤੇ ਇਸ ਦੀ ਮਰਿਆਦਾ ਨੂੰ ਕਾਇਮ ਰੱਖਣਾ ਸਾਡਾ ਮੁਕੱਦਸ ਫ਼ਰਜ਼ ਹੈ।÷ ਉਨ੍ਹਾਂ ਕਿਹਾ ਕਿ ਦੁਨੀਆ ਭਰ ਵਿੱਚ ਵਸਦੇ ਸਿੱਖਾਂ ਵੱਲੋਂ ਇਸ ਕਾਨੂੰਨ ਲਈ ਧੰਨਵਾਦ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ, ਇਸ ਐਕਟ ਨੂੰ ਪਾਸ ਕਰਨ ਦੀ ਸੇਵਾ ਗੁਰੂ ਸਾਹਿਬ ਨੇ ਖ਼ੁਦ ਮੇਰੇ ਤੋਂ ਲਈ ਹੈ। ਵਾਹਿਗੁਰੂ ਅਜਿਹੀ ਸੇਵਾ ਸਿਰਫ਼ ਉਨ੍ਹਾਂ ਨੂੰ ਹੀ ਸੌਂਪਦਾ ਹੈ, ਜਿਨ੍ਹਾਂ ਨੂੰ ਉਸ ਨੇ ਖ਼ੁਦ ਚੁਣਿਆ ਹੁੰਦਾ ਹੈ ਅਤੇ ਮੈਂ ਸਿਰਫ਼ ਇੱਕ ਨਿਮਾਣਾ ਸੇਵਕ ਹਾਂ, ਜਿਸ ਨੂੰ ਇਹ ਜ਼ਿੰਮੇਵਾਰੀ ਮਿਲੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਮਾਜ ਦੇ ਸਾਰੇ ਵਰਗਾਂ ਦੇ ਲੋਕ ਲੰਬੇ ਸਮੇਂ ਤੋਂ ਬੇਅਦਬੀ ਵਿਰੁੱਧ ਸਖ਼ਤ ਕਾਨੂੰਨਾਂ ਦੀ ਮੰਗ ਕਰ ਰਹੇ ਸਨ।

ਗੁਰਬਾਣੀ ਦੀ ਤੁਕ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਹਾਨ ਗੁਰੂਆਂ ਨੇ ਸਦੀਆਂ ਪਹਿਲਾਂ ਮਨੁੱਖਤਾ ਨੂੰ ਕੁਦਰਤ ਦਾ ਸਤਿਕਾਰ ਕਰਨ ਅਤੇ ਸਦਭਾਵਨਾ ਨਾਲ ਰਹਿਣ ਦੀ ਸੇਧ ਦਿੱਤੀ ਸੀ। ਉਨ੍ਹਾਂ ਕਿਹਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਜੀਵਤ ਗੁਰੂ ਹਨ ਅਤੇ ਹਰ ਪੰਜਾਬੀ ਖਾਸ ਕਰਕੇ ਹਰ ਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਰ ਸ਼ਬਦ ਦਾ ਸਤਿਕਾਰ ਕਰਦੇ ਹਨ ਅਤੇ ਪਾਲਣਾ ਕਰਦੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਦੀ ਮਿੱਟੀ ਇੰਨੀ ਉਪਜਾਊ ਹੈ ਕਿ ਇੱਥੇ ਸਭ ਕੁਝ ਉੱਗ ਸਕਦਾ ਹੈ ਪਰ ਨਫ਼ਰਤ ਅਤੇ ਵੈਰ ਦੀ ਇੱਥੇ ਕੋਈ ਥਾਂ ਨਹੀਂ ਹੈ। ਗੁਰੂਆਂ, ਸੰਤਾਂ ਅਤੇ ਪੀਰਾਂ ਦੀ ਇਸ ਪਵਿੱਤਰ ਧਰਤੀ ਨੇ ਹਮੇਸ਼ਾ ਪਿਆਰ, ਸ਼ਾਂਤੀ ਅਤੇ ਸਹਿਣਸ਼ੀਲਤਾ ਦਾ ਸੰਦੇਸ਼ ਦਿੱਤਾ ਹੈ। ਪੰਜਾਬ ਦੀ ਭਾਈਚਾਰਕ ਸਾਂਝ ਨੂੰ ਢਾਹ ਲਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਅਜਿਹੀਆਂ ਸਾਰੀਆਂ ਸਾਜ਼ਿਸ਼ਾਂ ਅਸਫਲ ਰਹੀਆਂ ਕਿਉਂਕਿ ਇਹ ਸੁਭਾਗੀ ਧਰਤੀ ਹੈ।

ਸੰਤ ਤ੍ਰਿਲੋਚਨ ਦਾਸ ਜੀ ਮਹਾਰਾਜ ਦੇ 38ਵੇਂ ਗੁਰੂਗੱਦੀ ਦਿਵਸ ਮੌਕੇ ਸੱਚਖੰਡ ਨਾਨਕ ਧਾਮ, ਦਰਸ਼ਨ ਦਰਬਾਰ, ਬਟਾਲਾ ਵਿਖੇ ਕਰਵਾਇਆ ਗਿਆ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ, ਨਸ਼ਿਆਂ ਅਤੇ ਸੰਗਠਿਤ ਅਪਰਾਧ ਵਿਰੁੱਧ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਦੇ ਵਧ ਰਹੇ ਪ੍ਰਭਾਵ ਨੂੰ ਦਰਸਾਉਂਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਵਿੱਢੀ ਮੁਹਿੰਮ ÷ਯੁੱਧ ਨਸ਼ਿਆਂ ਵਿਰੁੱਧ÷ ਵਿੱਚ ਤੇਜ਼ੀ ਲਿਆਂਦੀ ਗਈ ਹੈ।

ਇਸ ਮੁਹਿੰਮ ਤਹਿਤ ਸਿਰਫ਼ 437 ਦਿਨਾਂ ਵਿੱਚ 63,707 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਨਾਲ ਹੀ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੂੰ ਬਰਬਾਦ ਕੀਤਾ ਗਿਆ ਹੈ, ਨਸ਼ੀਲੇ ਪਦਾਰਥਾਂ ਦੀ ਕਮਾਈ ਨਾਲ ਬਣੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹ ਦਿੱਤਾ ਗਿਆ ਹੈ ਅਤੇ ਪੀੜਤ ਨੌਜਵਾਨਾਂ ਲਈ ਮੁੜ-ਵਸੇਬਾ ਯਕੀਨੀ ਬਣਾਇਆ ਗਿਆ ਹੈ।

ਇਸ ਦੇ ਨਾਲ-ਨਾਲ ਪੰਜਾਬ ਸਰਕਾਰ ਦੀ ÷ਰੀਗੰਸਟਰਾਂ 'ਤੇ ਵਾਰ÷ ਮੁਹਿੰਮ ਤਹਿਤ ਗੈਂਗਸਟਰ ਵਿਰੋਧੀ ਟਾਸਕ ਫੋਰਸ ਅਤੇ ਜ਼ਿਲ੍ਹਾ ਪੁਲਿਸ ਟੀਮਾਂ ਦੇ ਤਾਲਮੇਲ ਨਾਲ ਸੰਗਠਿਤ ਅਪਰਾਧ ਵਿਰੁੱਧ ਫੈਸਲਾਕੁੰਨ ਜੰਗ ਸ਼ੁਰੂ ਕੀਤੀ ਗਈ ਹੈ।

ਪੰਜਾਬ ਸਰਕਾਰ ਨੇ ਨਸ਼ਾ ਛੁਡਾਊ ਇਲਾਜ, ਹੁਨਰ ਵਿਕਾਸ ਅਤੇ ਮੁੜ-ਵਸੇਬੇ 'ਤੇ ਵੀ ਧਿਆਨ ਕੇਂਦਰਿਤ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੀੜਤ ਨੌਜਵਾਨਾਂ ਨੂੰ ਸਨਮਾਨ ਅਤੇ ਰੋਜ਼ਗਾਰ ਦੇ ਮੌਕਿਆਂ ਨਾਲ ਸਮਾਜ ਦੀ ਮੁੱਖ ਧਾਰਾ ਵਿੱਚ ਮੁੜ ਸ਼ਾਮਲ ਕੀਤਾ ਜਾ ਸਕੇ

ਧਰਮ ਦੇ ਨਾਂ 'ਤੇ ਸਿਆਸਤ ਨਹੀਂ ਕਰਨੀ ਚਾਹੀਦੀ: ਮੋਹਿੰਦਰ ਭਗਤ

ਜਲੰਧਰ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਸ਼ਹਿਰ ਵਿੱਚ ਇਕ ਧਾਰਮਿਕ ਸਮਾਗਮ ਦੇ ਮੁੱਦੇ ਨੂੰ ਸਿਆਸੀ ਰੰਗਤ ਦੇਣ ਦੀ ਕੋਝੀ ਹਰਕਤ ਦੀ

ਵਿਕਸਤ ਦੇਸ਼ਾਂ ਦੀ ਤਰਜ਼ 'ਤੇ ਯੋਜਨਾਵਾਂ ਦੇ ਤੇਜ਼ੀ ਨਾਲ ਲਾਗੂ ਕਰਨ ਲਈ ਵਿਭਾਗ ਵਿਸ਼ਵ ਪੱਧਰੀ ਪੇਸ਼ੇਵਰ ਟੀਮਾਂ ਦੀ ਮਦਦ ਲੈਣ : ਮੁੱਖ ਮੰਤਰੀ

ਚੰਡੀਗੜ੍ਹ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਹਰਿਆਣਾ 'ਵਿਕਸਤ ਭਾਰਤ-2047' ਦੇ ਟੀਚਿਆਂ ਨੂੰ ਸਮੇਂ ਤੋਂ ਪਹਿਲਾਂ ਪੂਰਾ ਕਰੇਗਾ। ਇਸ ਦੇ ਲਈ ਸਾਰੇ ਵਿਭਾਗਾਂ ਦੇ ਤਾਲਮੇਲ ਵਾਲੇ ਯਤਨ ਜ਼ਰੂਰੀ ਹਨ। ਸਿਹਤ ਵਿਭਾਗ ਵੱਲੋਂ ਤਿਆਰ ਕੀਤੇ ਗਏ 5 ਸਾਲਾ ਰੋਡਮੈਪ ਅਤੇ ਕਾਰਜ ਯੋਜਨਾ ਦੀ ਸਮੀਖਿਆ ਕਰਦਿਆਂ ਵੀਰਵਾਰ ਨੂੰ ਮੁੱਖ ਮੰਤਰੀ ਨੇ ਕਿਹਾ ਕਿ ਵਿਭਾਗ ਵਿਸ਼ਵ ਪੱਧਰੀ ਪੇਸ਼ੇਵਰ ਟੀਮਾਂ ਦੀ ਮਦਦ ਲਵੇ, ਜੋ ਆਧੁਨਿਕ ਤਕਨੀਕਾਂ ਦੀ ਸਹਾਇਤਾ ਨਾਲ ਹੋਰ ਵਿਕਸਤ ਦੇਸ਼ਾਂ ਅਤੇ ਰਾਜਾਂ ਦੀ ਤਰਜ਼ 'ਤੇ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਵਿਭਾਗ ਦੀ ਮਦਦ ਕਰ ਸਕਣ ਤਾਂ ਜੋ ਟੀਚਿਆਂ ਨੂੰ ਤੇਜ਼ੀ ਨਾਲ ਪੂਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਟੀਚਾ ਹਰ ਵਿਅਕਤੀ ਤੱਕ ਵਧੀਆ, ਸੁਲਭ ਅਤੇ ਸੁਰੱਖਿਅਤ ਸਿਹਤ ਸੇਵਾਵਾਂ ਦੀ ਪਹੁੰਚ ਯਕੀਨੀ ਬਣਾਉਣਾ ਹੈ।\

ਵਾਰ ਰੂਮ ਦੀ ਤਰਜ਼ 'ਤੇ ਬਣੇਗਾ ਕੇਂਦਰੀ ਕੰਟਰੋਲ ਰੂਮ:

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸ਼ਿਸ਼ੂ (ਨਵਜੰਮੇ ਬੱਚਿਆਂ) ਅਤੇ ਗਰਭਵਤੀ ਔਰਤਾਂ ਦੀ ਮੌਤ ਦਰ ਨੂੰ ਰਿਕਾਰਡ ਪੱਧਰ ਤੱਕ ਘਟਾਉਣ ਦੀ ਲੋੜ ਹੈ। ਇਸ ਦੇ ਲਈ ਇੱਕ ਸੈਂਟਰਲਾਈਜ਼ਡ ਕੰਟਰੋਲ ਰੂਮ ਬਣਾਇਆ ਜਾਵੇ ਜੋ 'ਵਾਰ ਰੂਮ' ਦੀ ਤਰਜ਼ 'ਤੇ ਦਿਨ-ਰਾਤ ਕੰਮ ਕਰੇ। ਇੱਥੋਂ ਪੂਰੇ ਸੂਬੇ ਵਿੱਚ ਰੋਜ਼ਾਨਾ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਸਿਹਤ 'ਤੇ ਨਜ਼ਰ ਰੱਖਦਿਆਂ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨੂੰ ਰੋਕਿਆ ਜਾ ਸਕੇਗਾ। ਉਨ੍ਹਾਂ ਬੱਚਿਆਂ ਦੀ ਸਿਹਤ ਸਬੰਧੀ ਵਿਸਥਾਰਤ ਕਾਰਜ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ।

ਦਵਾਈਆਂ ਦਾ ਸਾਰਾ ਰਿਕਾਰਡ ਆਨਲਾਈਨ ਹੋਵੇ:

ਮੁੱਖ ਮੰਤਰੀ ਨੇ ਕਿਹਾ ਕਿ ਹਸਪਤਾਲਾਂ ਵਿੱਚ ਦਵਾਈਆਂ ਦਾ ਸਾਰਾ ਰਿਕਾਰਡ ਆਨਲਾਈਨ ਹੋਣਾ ਜ਼ਰੂਰੀ ਹੈ। ਜੇਕਰ ਡਾਕਟਰ ਦੇ ਦਵਾਈ ਲਿਖਦੇ ਹੀ ਰਿਕਾਰਡ ਅਪਡੇਟ ਹੋ ਜਾਵੇ, ਤਾਂ ਹਸਪਤਾਲਾਂ ਵਿੱਚ ਦਵਾਈਆਂ ਦੀ ਘਾਟ ਦੀ ਸਮੱਸਿਆ ਨਹੀਂ ਰਹੇਗੀ। ਉਨ੍ਹਾਂ ਕਿਹਾ ਕਿ ਸਿਹਤ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ 70 ਐਂਬੂਲੈਂਸਾਂ ਦੀ ਖਰੀਦ ਨੂੰ ਪਹਿਲਾਂ ਹੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। ਵਿਭਾਗ ਨੂੰ ਲੋੜ ਅਨੁਸਾਰ ਹੋਰ ਹਰ ਤਰ੍ਹਾਂ ਦੇ ਉਪਕਰਨ ਅਤੇ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ, ਪਰ ਸੂਬਾ ਵਾਸੀਆਂ ਨੂੰ ਸਿਹਤ ਸੇਵਾਵਾਂ ਲੈਣ ਵਿੱਚ ਕੋਈ ਮੁਸ਼ਕਲ ਨਹੀਂ ਆਉਣੀ ਚਾਹੀਦੀ।

ਸਰਕਾਰੀ ਦੇ ਨਾਲ-ਨਾਲ ਨਿੱਜੀ ਸਕੂਲਾਂ ਦੇ ਬੱਚਿਆਂ ਦੀ ਵੀ ਸਿਹਤ ਜਾਂਚ ਹੋਵੇ:

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹੁਣ ਤੱਕ ਸਿਹਤ ਵਿਭਾਗ ਵੱਲੋਂ ਸਿਰਫ਼ ਸਰਕਾਰੀ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਹੀ ਬੱਚਿਆਂ ਦੀ ਸਿਹਤ ਦੀ ਜਾਂਚ ਕੀਤੀ ਜਾਂਦੀ ਹੈ, ਪਰ ਭਵਿੱਖ ਵਿੱਚ ਨਿੱਜੀ ਸਕੂਲਾਂ ਵਿੱਚ ਪੜ੍ਹਦੇ ਸਾਰੇ ਬੱਚਿਆਂ ਦੀ ਸਿਹਤ ਜਾਂਚ ਵੀ ਯਕੀਨੀ ਬਣਾਈ ਜਾਵੇ। ਬੱਚਿਆਂ ਨੂੰ ਲੋੜ ਅਨੁਸਾਰ ਦਵਾਈਆਂ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਸਿਹਤਮੰਦ ਰਹਿਣ ਪ੍ਰਤੀ ਜਾਗਰੂਕ ਵੀ ਕੀਤਾ ਜਾਵੇ।

ਕੈਂਸਰ ਮਰੀਜ਼ਾਂ ਦੀ ਮੁਫ਼ਤ ਕੀਮੋਥੈਰੇਪੀ ਲਈ ਡੇ-ਕੇਅਰ ਕੈਂਸਰ ਸੈਂਟਰ ਸੰਚਾਲਿਤ:

ਸਿਹਤ ਵਿਭਾਗ ਦੀ ਵਧੀਕ ਮੁੱਖ ਸਕੱਤਰ ਸ੍ਰੀਮਤੀ ਸੁਮਿਤਾ ਮਿਸ਼ਰਾ ਨੇ ਦੱਸਿਆ ਕਿ ਸੂਬੇ ਵਿੱਚ ਡੇ-ਕੇਅਰ ਕੈਂਸਰ ਸੈਂਟਰਾਂ ਰਾਹੀਂ ਉਨ੍ਹਾਂ ਕੈਂਸਰ ਮਰੀਜ਼ਾਂ ਦੀ ਮੁਫ਼ਤ ਕੀਮੋਥੈਰੇਪੀ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਮੈਡੀਕਲ ਕਾਲਜਾਂ ਵੱਲੋਂ ਰੈਫਰ ਕੀਤਾ ਜਾਂਦਾ ਹੈ। ਇਸ ਨਾਲ ਕੈਂਸਰ ਦੇ ਮਰੀਜ਼ਾਂ ਨੂੰ ਕਾਫੀ ਫਾਇਦਾ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੈਂਸਰ ਦੀ ਸਕ੍ਰੀਨਿੰਗ ਲਈ ਹਰੇਕ ਜ਼ਿਲ੍ਹੇ ਵਿੱਚ ਮੈਮੋਗ੍ਰਾਫੀ ਮਸ਼ੀਨਾਂ ਲਗਾਈਆਂ ਜਾਣ।

2030 ਤੱਕ ਹਰ ਵਾਰਡ ਅਤੇ ਪਿੰਡ ਹੋਵੇਗਾ ਟੀਬੀ ਮੁਕਤ:

ਸਾਲ 2030 ਤੱਕ ਸੂਬੇ ਦੇ ਹਰੇਕ ਵਾਰਡ ਅਤੇ ਪਿੰਡ ਨੂੰ ਟੀਬੀ ਮੁਕਤ ਕਰਨ ਦੇ ਟੀਚੇ ਨੂੰ ਪੂਰਾ ਕਰਨ ਲਈ ਮੁੱਖ ਮੰਤਰੀ ਨੇ ਕਿਹਾ ਕਿ ਟੀਬੀ ਦਾ ਕੋਈ ਵੀ ਮਰੀਜ਼ ਅਣਪਛਾਤਾ (untraced) ਨਾ ਰਹੇ ਅਤੇ ਸਾਰੇ ਮਰੀਜ਼ਾਂ ਦਾ ਸਹੀ ਇਲਾਜ ਕੀਤਾ ਜਾਵੇ ਤਾਂ ਜੋ ਇਹ ਬਿਮਾਰੀ ਅੱਗੇ ਨਾ ਵਧੇ। ਬਿਮਾਰੀ ਦੀ ਪਹਿਲਾਂ ਹੀ ਪਛਾਣ ਕਰਨ ਲਈ ਤਕਨੀਕ ਦਾ ਸਹਾਰਾ ਲਿਆ ਜਾਵੇ ਅਤੇ ਵਿਆਪਕ ਪੱਧਰ 'ਤੇ ਜਾਂਚ ਕਰਵਾਈ ਜਾਵੇ। ਮਰੀਜ਼ਾਂ ਲਈ ਸੰਤੁਲਿਤ ਖੁਰਾਕ, ਮਾਨਸਿਕ ਸਿਹਤ ਅਤੇ ਨਸ਼ੇ ਦੀ ਲਤ ਨੂੰ ਰੋਕਣ ਦੀ ਦਿਸ਼ਾ ਵਿੱਚ ਵੀ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ।

ਟੀਚਾ ਪ੍ਰਾਪਤੀ ਵਿੱਚ ਹੋਰ ਵਿਭਾਗ ਨਿਭਾਉਣ ਭੂਮਿਕਾ:

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਸਿਹਤ ਟੀਚਿਆਂ ਦੀ ਪ੍ਰਾਪਤੀ ਵਿੱਚ ਆਯੁਸ਼ ਵਿਭਾਗ ਵੀ ਅਹਿਮ ਭੂਮਿਕਾ ਨਿਭਾ ਸਕਦਾ ਹੈ। ਉਨ੍ਹਾਂ ਕਿਹਾ ਕਿ ਆਯੁਸ਼ ਵਿਭਾਗ ਬਿਮਾਰੀਆਂ ਤੋਂ ਬਚਾਅ ਲਈ ਦਵਾਈਆਂ ਦੀ ਬਜਾਏ ਜਾਗਰੂਕਤਾ 'ਤੇ ਜ਼ਿਆਦਾ ਧਿਆਨ ਦੇਵੇ। ਇਸੇ ਤਰ੍ਹਾਂ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਦੇ ਅਧਿਕਾਰੀਆਂ ਨੂੰ ਪੀਪੀਪੀ ਮੋਡ ਵਿੱਚ ਮੈਡੀਕਲ ਕਾਲਜਾਂ ਦੇ ਸੰਚਾਲਨ ਦੀਆਂ ਸੰਭਾਵਨਾਵਾਂ ਤਲਾਸ਼ਣ ਅਤੇ ਇਸ ਸਬੰਧੀ ਦੂਜੇ ਰਾਜਾਂ ਵੱਲੋਂ ਅਪਣਾਈਆਂ ਜਾ ਰਹੀਆਂ ਯੋਜਨਾਵਾਂ ਦਾ ਅਧਿਐਨ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸੂਬੇ ਦੇ ਸਾਰੇ ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਨੂੰ ਰੇਟਿੰਗ ਦੇਣ ਦੀ ਕਾਰਜ ਯੋਜਨਾ ਵੀ ਤਿਆਰ ਕੀਤੀ ਜਾਵੇ ਤਾਂ ਜੋ ਕਮੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਦੂਰ ਕੀਤਾ ਜਾ ਸਕੇ। ਇਸੇ ਤਰ੍ਹਾਂ ਉਨ੍ਹਾਂ ਨੇ ਸੂਬੇ ਦੇ ਟਰਾਮਾ ਸੈਂਟਰਾਂ ਨੂੰ ਵੀ ਅਪਗ੍ਰੇਡ ਕਰਕੇ ਲੈਵਲ-1 ਅਤੇ ਲੈਵਲ-2 ਤੱਕ ਕਰਨ ਦੇ ਨਿਰਦੇਸ਼ ਦਿੱਤੇ।

ਇਲਾਜ ਦੀ ਬਜਾਏ ਬਿਮਾਰੀਆਂ ਤੋਂ ਬਚਾਅ ਦੀ ਬਣੇ ਰਣਨੀਤੀ:

ਮੁੱਖ ਮੰਤਰੀ ਨੇ ਕਿਹਾ ਕਿ ਸਿਹਤ ਵਿਭਾਗ ਇਲਾਜ ਦੀ ਬਜਾਏ ਹੁਣ ਬਿਮਾਰੀਆਂ ਤੋਂ ਬਚਾਅ ਲਈ ਪ੍ਰਭਾਵਸ਼ਾਲੀ ਰੋਡਮੈਪ ਤਿਆਰ ਕਰੇ ਤਾਂ ਜੋ ਬਿਮਾਰ ਹੋਣ ਦੀ ਨੌਬਤ ਹੀ ਨਾ ਆਵੇ। ਇਸ ਦੇ ਲਈ ਸਿਹਤ ਵਿਭਾਗ ਦੇ ਨਾਲ-ਨਾਲ ਆਯੁਸ਼ ਵਿਭਾਗ, ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਅਤੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਸਮੇਤ ਹੋਰ ਸਬੰਧਤ ਵਿਭਾਗ ਮਿਲ ਕੇ ਤਾਲਮੇਲ ਨਾਲ ਕੰਮ ਕਰਨ ਤਾਂ ਜੋ 'ਵਿਕਸਤ ਭਾਰਤ-2047' ਦੇ ਟੀਚਿਆਂ ਨੂੰ ਸਮੇਂ ਤੋਂ ਪਹਿਲਾਂ ਪੂਰਾ ਕੀਤਾ ਜਾ ਸਕੇ।

ਸਾਰੀਆਂ ਸਿਹਤ ਸੰਸਥਾਵਾਂ ਵਿੱਚ ਵੱਡੇ ਪੱਧਰ 'ਤੇ ਪੌਦੇ ਲਗਾਓ:

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਸਾਰੇ ਹਸਪਤਾਲਾਂ, ਸਿਹਤ ਸੰਸਥਾਵਾਂ ਅਤੇ ਮੈਡੀਕਲ ਕਾਲਜਾਂ ਦੇ ਕੈਂਪਸਾਂ ਵਿੱਚ ਵਿਆਪਕ ਪੱਧਰ 'ਤੇ ਪੌਦੇ ਲਗਾਏ ਜਾਣ। ਇਸ ਦੇ ਲਈ ਵੱਧ ਤੋਂ ਵੱਧ ਥਾਵਾਂ ਦੀ ਨਿਸ਼ਾਨਦੇਹੀ ਕਰਕੇ 'ਇੱਕ ਪੇੜ ਮਾਂ ਕੇ ਨਾਮ' ਯੋਜਨਾ ਤਹਿਤ ਟ੍ਰੀ-ਗਾਰਡ ਸਮੇਤ ਪੌਦੇ ਲਗਾਏ ਜਾਣ।

ਇਸ ਮੌਕੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਸਿਹਤ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਗੁਪਤਾ, ਮੁੱਖ ਮੰਤਰੀ ਦੇ ਓਐਸਡੀ ਅਤੇ ਸਵਰਨ ਜਯੰਤੀ ਹਰਿਆਣਾ ਵਿੱਤੀ ਪ੍ਰਬੰਧਨ ਸੰਸਥਾਨ ਦੇ ਡਾਇਰੈਕਟਰ ਜਨਰਲ ਡਾ. ਰਾਜ ਨਹਿਰੂ, ਮੁੱਖ ਮੰਤਰੀ ਦੇ ਉਪ ਪ੍ਰਧਾਨ ਸਕੱਤਰ ਸ੍ਰੀ ਯਸ਼ਪਾਲ ਯਾਦਵ ਅਤੇ ਸਿਹਤ ਸਕੱਤਰ ਸ੍ਰੀ ਆਰ.ਐਸ. ਢਿੱਲੋਂ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਸੂਬੇ ਦੇ 13 ਜ਼ਿਲ੍ਹਿਆਂ ਵਿੱਚ ਰਾਜ ਪੱਧਰੀ ਹੜ੍ਹ ਮੌਕ ਡਰਿੱਲ ਦਾ ਕੀਤਾ ਆਯੋਜਨ

ਚੰਡੀਗੜ੍ਹ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਆਗਾਮੀ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਆਪਦਾ ਤਿਆਰੀਆਂ ਅਤੇ ਐਮਰਜੈਂਸੀ ਪ੍ਰਤੀਕਿਰਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਅੱਜ ਸੂਬੇ ਦੇ 13 ਹੜ੍ਹ ਸੰਭਾਵਿਤ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਪਹਿਲੀ ਰਾਜ ਪੱਧਰੀ ਹੜ੍ਹ ਮੌਕ ਡਰਿੱਲ ਦਾ ਆਯੋਜਨ ਕੀਤਾ ਗਿਆ। ਇਸ ਅਭਿਆਸ ਦਾ ਮੁੱਖ ਉਦੇਸ਼ ਸਾਲ 2023 ਅਤੇ 2025 ਦੇ ਹੜ੍ਹਾਂ ਤੋਂ ਮਿਲੇ ਤਜ਼ਰਬਿਆਂ ਦੇ ਆਧਾਰ 'ਤੇ ਹਰਿਆਣਾ ਦੇ ਆਪਦਾ ਪ੍ਰਬੰਧਨ ਢਾਂਚੇ ਨੂੰ ਹੋਰ ਵੀ ਮਜ਼ਬੂਤ ਬਣਾਉਣਾ ਸੀ।

ਹਰਿਆਣਾ ਦੀ ਵਿੱਤ ਕਮਿਸ਼ਨਰ (ਮਾਲ) ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ 'ਸਟੇਟ ਇੰਸੀਡੈਂਟ ਕਮਾਂਡਰ' ਵਜੋਂ ਰਾਜ ਕੰਟਰੋਲ ਰੂਮ ਤੋਂ ਪੂਰੇ ਅਭਿਆਸ ਦੀ ਅਗਵਾਈ ਅਤੇ ਸੰਚਾਲਨ ਕੀਤਾ।

ਡਾ. ਸੁਮਿਤਾ ਮਿਸ਼ਰਾ ਨੇ ਦੱਸਿਆ ਕਿ ਇਸ ਅਭਿਆਸ ਦਾ ਆਯੋਜਨ ਰਾਜ ਦੀਆਂ ਆਪਦਾ ਤਿਆਰੀਆਂ ਦਾ ਮੁਲਾਂਕਣ ਕਰਨ, ਵੱਖ-ਵੱਖ ਵਿਭਾਗਾਂ ਵਿਚਕਾਰ ਤਾਲਮੇਲ ਸੁਧਾਰਨ, ਐਮਰਜੈਂਸੀ ਪ੍ਰਤੀਕਿਰਿਆ ਤੰਤਰ ਦੀ ਪੁਸ਼ਟੀ ਕਰਨ ਅਤੇ ਕਮੀਆਂ ਦੀ ਪਛਾਣ ਕਰਨ ਲਈ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਇੱਕ ਸਰਗਰਮ, ਤਕਨੀਕ-ਸੰਚਾਲਿਤ ਅਤੇ ਭਾਗੀਦਾਰੀ-ਕੇਂਦ੍ਰਿਤ ਆਪਦਾ ਪ੍ਰਬੰਧਨ ਪ੍ਰਣਾਲੀ ਵਿਕਸਿਤ ਕਰਨ ਲਈ ਵਚਨਬੱਧ ਹੈ। ਇਹ ਡਰਿੱਲ ਤਿੰਨ ਪੜਾਵਾਂ ਵਿੱਚ ਹੋਈ।

ਇਨ੍ਹਾਂ ਜ਼ਿਲ੍ਹਿਆਂ ਵਿੱਚ ਹੋਇਆ ਅਭਿਆਸ ਇਹ ਮੌਕ ਡਰਿੱਲ ਗੁਰੂਗ੍ਰਾਮ, ਅੰਬਾਲਾ, ਫਰੀਦਾਬਾਦ, ਫਤਿਹਾਬਾਦ, ਕੈਥਲ, ਕਰਨਾਲ, ਕੁਰੂਕਸ਼ੇਤਰ, ਪੰਚਕੂਲਾ, ਪਾਣੀਪਤ, ਪਲਵਲ, ਸਿਰਸਾ, ਸੋਨੀਪਤ ਅਤੇ ਯਮੁਨਾਨਗਰ ਵਿੱਚ ਆਯੋਜਿਤ ਕੀਤੀ ਗਈ। ਇਨ੍ਹਾਂ ਜ਼ਿਲ੍ਹਿਆਂ ਦੀ ਪਛਾਣ ਉੱਚ ਹੜ੍ਹ ਜੋਖਮ ਵਾਲੇ ਖੇਤਰਾਂ ਵਜੋਂ ਕੀਤੀ ਗਈ ਹੈ। ਅਸਲ ਹੜ੍ਹ ਵਰਗੀਆਂ ਸਥਿਤੀਆਂ ਦੇ ਤਹਿਤ ਪ੍ਰਤੀਕਿਰਿਆ ਤੰਤਰ ਦੀ ਪਰਖ ਕਰਨ ਲਈ ਹਰੇਕ ਜ਼ਿਲ੍ਹੇ ਵਿੱਚ ਦੋ ਵੱਖ-ਵੱਖ ਸਿਮੂਲੇਸ਼ਨ ਸਾਈਟਾਂ (ਅਭਿਆਸ ਸਥਾਨ) ਬਣਾਈਆਂ ਗਈਆਂ ਸਨ।

ਕਾਲਪਨਿਕ ਦ੍ਰਿਸ਼ ਅਤੇ ਵਿਭਾਗਾਂ ਦੀ ਸਰਗਰਮੀ ਉਨ੍ਹਾਂ ਦੱਸਿਆ ਕਿ ਡਰਿੱਲ ਦੌਰਾਨ ਭਾਰੀ ਮਾਨਸੂਨ ਬਾਰਸ਼ ਅਤੇ ਯਮੁਨਾ, ਘੱਗਰ, ਟਾਂਗਰੀ ਅਤੇ ਮਾਰਕੰਡਾ ਵਰਗੀਆਂ ਪ੍ਰਮੁੱਖ ਨਦੀਆਂ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਹੜ੍ਹ, ਸ਼ਹਿਰੀ ਜਲ-ਥਲ ਅਤੇ ਸੰਚਾਰ ਪ੍ਰਣਾਲੀਆਂ ਦੇ ਠੱਪ ਹੋਣ ਵਰਗੀਆਂ ਕਾਲਪਨਿਕ ਸਥਿਤੀਆਂ ਬਣਾਈਆਂ ਗਈਆਂ। ਰਾਜ ਨੇ ਆਪਣੇ ਸਮੁੱਚੇ ਐਮਰਜੈਂਸੀ ਤੰਤਰ ਨੂੰ ਸਰਗਰਮ ਕੀਤਾ, ਜਿਸ ਵਿੱਚ ਗ੍ਰਹਿ, ਪੁਲਿਸ, ਸਿੰਚਾਈ, ਸਿਹਤ, ਖੇਤੀਬਾੜੀ, ਊਰਜਾ, ਆਵਾਜਾਈ, ਸ਼ਹਿਰੀ ਸਥਾਨਕ ਇਕਾਈਆਂ ਅਤੇ ਜਨ ਸਿਹਤ ਇੰਜੀਨੀਅਰਿੰਗ ਸਮੇਤ 24 ਵਿਭਾਗਾਂ ਨੇ ਹਿੱਸਾ ਲਿਆ। ਸਾਰੇ ਡਿਪਟੀ ਕਮਿਸ਼ਨਰਾਂ ਨੇ 'ਜ਼ਿਲ੍ਹਾ ਉੱਤਰਦਾਈ ਅਧਿਕਾਰੀਆਂ' ਵਜੋਂ ਕਾਰਜ ਕੀਤਾ।

ਬਚਾਅ ਅਤੇ ਰਾਹਤ ਮੁਹਿੰਮ ਉਨ੍ਹਾਂ ਦੱਸਿਆ ਕਿ ਐੱਸ.ਡੀ.ਆਰ.ਐੱਫ., ਐੱਨ.ਡੀ.ਆਰ.ਐੱਫ., ਪੁਲਿਸ, ਸਿਹਤ ਅਤੇ ਫਾਇਰ ਬ੍ਰਿਗੇਡ ਸੇਵਾਵਾਂ ਦੀਆਂ ਟੀਮਾਂ ਨੇ ਖੋਜ ਅਤੇ ਬਚਾਅ, ਨਿਕਾਸੀ ਡਰਿੱਲ, ਰਾਹਤ ਕੈਂਪ ਪ੍ਰਬੰਧਨ ਅਤੇ ਡਾਕਟਰੀ ਸਹਾਇਤਾ ਦਾ ਅਭਿਆਸ ਕੀਤਾ। ਵਿਸ਼ੇਸ਼ ਤੌਰ 'ਤੇ ਨਦੀ ਦੇ ਕੰਢਿਆਂ ਨੇੜੇ ਫਸੇ ਲੋਕਾਂ ਨੂੰ ਸੁਰੱਖਿਅਤ ਕੱਢਣ ਦੀਆਂ ਪ੍ਰਕਿਰਿਆਵਾਂ ਦੀ ਪਰਖ ਕੀਤੀ ਗਈ ਤਾਂ ਜੋ ਅਧਿਕਾਰੀ ਕਿਸੇ ਵੀ ਗੰਭੀਰ ਸਥਿਤੀ ਨਾਲ ਨਜਿੱਠਣ ਲਈ ਤਿਆਰ ਰਹਿਣ। ਮਾਹਿਰਾਂ ਦੀ ਨਿਗਰਾਨੀ ਅਤੇ ਭਾਈਚਾਰਕ ਭਾਗੀਦਾਰੀ ਐੱਨ.ਡੀ.ਐੱਮ.ਏ. ਦੇ ਸੀਨੀਅਰ ਸਲਾਹਕਾਰ ਬ੍ਰਿਗੇਡੀਅਰ ਰਵਿੰਦਰ ਗੁਰੰਗ (ਰਿਟਾਇਰਡ) ਨੇ ਰਾਜ ਹੈੱਡਕੁਆਰਟਰ ਤੋਂ ਅਭਿਆਸ ਦੀ ਨਿਗਰਾਨੀ ਕੀਤੀ। ਅਸਮ ਰਾਜ ਆਫ਼ਤ ਪ੍ਰਬੰਧਨ ਅਥਾਰਟੀ ਦੇ ਨੁਮਾਇੰਦਿਆਂ ਨੇ ਵੀ ਇਸ ਵਿੱਚ ਭਾਗ ਲੈ ਕੇ ਹੜ੍ਹ ਪ੍ਰਬੰਧਨ ਨਾਲ ਜੁੜੇ ਆਪਣੇ ਤਜ਼ਰਬੇ ਸਾਂਝੇ ਕੀਤੇ। ਇਸ ਡਰਿੱਲ ਵਿੱਚ 'ਆਫ਼ਤ ਮਿੱਤਰ' ਵਲੰਟੀਅਰਾਂ, ਰੈੱਡ ਕਰਾਸ, ਐੱਨ.ਸੀ.ਸੀ., ਐੱਨ.ਐੱਸ.ਐੱਸ., ਨਹਿਰੂ ਯੁਵਾ ਕੇਂਦਰ ਅਤੇ ਸਥਾਨਕ ਐੱਨ.ਜੀ.ਓਜ਼ ਨੇ ਵੀ ਸਰਗਰਮ ਭਾਗੀਦਾਰੀ ਨਿਭਾਈ।

ਪਲੇਅ ਵੇਅ ਸਕੂਲਾਂ ਦੀ ਰਜਿਸਟ੍ਰੇਸ਼ਨ ਲਈ ਨਵੀਆਂ ਹਦਾਇਤਾਂ ਜਾਰੀ

ਬਠਿੰਡਾ,17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਅਰਲੀ ਚਾਇਲਡਹੁੱਡ ਕੇਅਰ ਐਂਡ ਐਜੂਕੇਸ਼ਨ ਸਕੀਮ ਹੇਠ ਪ੍ਰਾਈਵੇਟ ਪਲੇਅ-ਵੇਅ ਸਕੂਲਾਂ ਦੀ ਨਵੀਂ ਰਜਿਸਟਰੇਸ਼ਨ ਕਰਵਾਉਣ ਸਬੰਧੀ ਪੰਜਾਬ ਸਰਕਾਰ ਵੱਲੋਂ ਪਲੇਅ ਵੇਅ ਸਕੂਲਾਂ ਲਈ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਿਦਾਇਤਾਂ ਤਹਿਤ ਪੰਜਾਬ ਵਿਚ ਚੱਲ ਰਹੇ ਸਾਰੇ ਪ੍ਰਾਈਵੇਟ ਪਲੇਅ-ਵੇਅ ਸਕੂਲ ਹੁਣ ਤੋਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਰਜਿਸਟਰਡ ਕੀਤੇ ਜਾਣਗੇ। ਜਿਸ ਤੋਂ ਬਾਅਦ ਸਰਕਾਰ ਕੋਲ ਬੱਚਿਆਂ ਦੇ ਸਾਰੇ ਵੇਰਵੇ ਉਪਲੱਭਧ ਹੋਣਗੇ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸ

ਪੰਜਾਬ 'ਚ ਪ੍ਰੀਪੇਡ ਮੀਟਰਾਂ ਨੇ ਖੜ੍ਹਾ ਕੀਤਾ ਵੱਡਾ ਸੰਕਟ, ਕਈ ਸਕੂਲਾਂ ਤੇ ਸਰਕਾਰੀ ਦਫ਼ਤਰਾਂ ਦੀ ਬਿਜਲੀ ਹੋਈ ਬੰਦ

ਕੌਮੀ ਪਤ੍ਰਿਕਾ

ਗੁਰਦਾਸਪੁਰ 17 ਮਈ। ਪੰਜਾਬ ਭਰ 'ਚ ਲਗਾਏ ਜਾ ਰਹੇ ਬਿਜਲੀ ਦੇ ਪ੍ਰੀਪੇਡ ਸਮਾਰਟ ਮੀਟਰਾਂ ਦਾ ਵਿਰੋਧ ਹੁਣ ਅਸਲ ਰੂਪ 'ਚ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ। ਗੁਰਦਾਸਪੁਰ ਸਮੇਤ ਪੰਜਾਬ ਦੇ ਕਈ ਇਲਾਕਿਆਂ 'ਚ ਸਰਕਾਰੀ ਸਕੂਲਾਂ ਅਤੇ ਦਫ਼ਤਰਾਂ 'ਚ ਲੱਗੇ ਪ੍ਰੀਪੇਡ ਸਮਾਰਟ ਮੀਟਰਾਂ ਦੀ ਸਪਲਾਈ ਅਚਾਨਕ ਬੰਦ ਹੋਣ ਕਾਰਨ ਹੜਕੰਪ ਮਚ ਗਿਆ। ਗਰਮੀ ਦੇ ਮੌਸਮ 'ਚ ਕਈ ਸਕੂਲਾਂ ਦੀ ਬਿਜਲੀ ਗੁੱਲ ਹੋ ਜਾਣ ਨਾਲ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰ ਸਰਕਾਰੀ ਮੁਲਾਜ਼ਮਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇਸ ਦੇ ਬਾਅਦ ਸਿੱਖਿਆ ਵਿਭਾਗ ਨੇ ਤੁਰੰਤ ਹਰਕਤ 'ਚ ਆਉਂਦਿਆਂ ਇਸ ਸਬੰਧ 'ਚ ਲੋੜੀਂਦਾ ਬਜਟ ਵੀ ਜਾਰੀ ਕੀਤਾ ਹੈ। ਪਰ ਹਾਲ ਦੀ ਘੜੀ ਇਕ ਵਾਰ ਇਸ ਸਿਸਟਮ ਨੇ ਸਾਰਿਆਂ ਨੂੰ ਭਾਜੜਾਂ ਪਾ ਕੇ ਰੱਖ ਦਿੱਤੀਆਂ ਹਨ। ਮਿਲੀ ਜਾਣਕਾਰੀ ਅਨੁਸਾਰ ਪਾਵਰਕਾਮ ਵੱਲੋਂ ਪਿਛਲੇ ਕਾਫ਼ੀ ਸਮੇਂ ਤੋਂ ਸਰਕਾਰੀ ਅਦਾਰਿਆਂ ਅਤੇ ਆਮ ਖਪਤਕਾਰਾਂ ਦੇ ਪੁਰਾਣੇ ਮੀਟਰ ਬਦਲ ਕੇ ਸਮਾਰਟ ਮੀਟਰ ਲਗਾਏ ਜਾ ਰਹੇ ਸਨ। ਹਾਲਾਂਕਿ ਕਿਸਾਨ ਜਥੇਬੰਦੀਆਂ ਅਤੇ ਕਈ ਹੋਰ ਸੰਸਥਾਵਾਂ ਵੱਲੋਂ ਇਸ ਯੋਜਨਾ ਦਾ ਡਟਵਾਂ ਵਿਰੋਧ ਵੀ ਕੀਤਾ ਗਿਆ ਸੀ ਪਰ ਸਰਕਾਰ ਅਤੇ ਪਾਵਰਕਾਮ ਨੇ ਇਹ ਪ੍ਰਕਿਰਿਆ ਜਾਰੀ ਰੱਖੀ। ਹੁਣ ਜ਼ਿਆਦਾਤਰ ਸਰਕਾਰੀ ਸਕੂਲਾਂ ਅਤੇ ਦਫ਼ਤਰਾਂ 'ਚ ਇਹ ਮੀਟਰ ਲੱਗ ਚੁੱਕੇ ਹਨ ਅਤੇ ਉਨ੍ਹਾਂ ਨੂੰ ਆਨਲਾਈਨ ਸਿਸਟਮ ਨਾਲ ਜੋੜ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਪਾਵਰਕਾਮ ਵੱਲੋਂ ਚੁੱਪ-ਚਾਪ ਇਹ ਮੀਟਰ ਪੋਸਟਪੇਡ ਤੋਂ ਪ੍ਰੀਪੇਡ ਪ੍ਰਣਾਲੀ 'ਚ ਤਬਦੀਲ ਕਰ ਦਿੱਤੇ ਗਏ ਹਨ। ਇਸ ਤੋਂ ਬਾਅਦ ਵੱਖ-ਵੱਖ ਸਕੂਲ ਮੁਖੀਆਂ ਅਤੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੋਬਾਈਲ ਫੋਨਾਂ 'ਤੇ ਲਗਾਤਾਰ ਮੈਸੇਜ ਆ ਰਹੇ ਸਨ ਕਿ ਉਹ ਤੁਰੰਤ ਆਪਣੇ ਮੀਟਰਾਂ ਦੀ ਅਗਾਊਂ ਅਦਾਇਗੀ ਕਰਨ ਨਹੀਂ ਤਾਂ ਬਿਜਲੀ ਸਪਲਾਈ ਬੰਦ ਕਰ ਦਿੱਤੀ ਜਾਵੇਗੀ। ਕਈ ਸਕੂਲ ਮੁਖੀਆਂ ਨੇ ਪਹਿਲਾਂ ਇਹ ਮੈਸੇਜ ਆਮ ਨੋਟੀਫਿਕੇਸ਼ਨ ਸਮਝ ਕੇ ਨਜ਼ਰਅੰਦਾਜ਼ ਕਰ ਦਿੱਤੇ, ਪਰ ਜਦੋਂ ਅਚਾਨਕ ਬਿਜਲੀ ਸਪਲਾਈ ਬੰਦ ਹੋਈ ਤਾਂ ਮਾਮਲਾ ਗੰਭੀਰ ਬਣ ਗਿਆ। ਗੁਰਦਾਸਪੁਰ ਸ਼ਹਿਰ ਦੇ ਕਈ ਸਰਕਾਰੀ ਸਕੂਲਾਂ 'ਚ ਬਿਜਲੀ ਸਪਲਾਈ ਬੰਦ ਰਹੀ। ਪਹਿਲਾਂ ਅਧਿਆਪਕਾਂ ਨੇ ਮੀਟਰ ਖ਼ਰਾਬੀ ਸਮਝ ਕੇ ਇਲੈਕਟ?ਰੀਸ਼ਨ ਬੁਲਾਏ, ਪਰ ਜਾਂਚ ਦੌਰਾਨ ਮੀਟਰ ਠੀਕ ਪਾਏ ਗਏ। ਬਾਅਦ 'ਚ ਪਾਵਰਕਾਮ ਤੋਂ ਪਤਾ ਲੱਗਾ ਕਿ ਮੀਟਰਾਂ ਦੀ ਪ੍ਰੀਪੇਡ ਰਕਮ ਖ਼ਤਮ ਹੋਣ ਕਾਰਨ ਸਪਲਾਈ ਆਟੋਮੈਟਿਕ ਤੌਰ 'ਤੇ ਬੰਦ ਹੋ ਗਈ ਹੈ। ਸਭ ਤੋਂ ਵੱਡੀ ਸਮੱਸਿਆ ਇਹ ਬਣ ਗਈ ਹੈ ਕਿ ਸਰਕਾਰੀ ਵਿਭਾਗਾਂ ਕੋਲ ਅਗਾਊਂ ਭੁਗਤਾਨ ਕਰਨ ਲਈ ਕੋਈ ਸਪੱਸ਼ਟ ਪ੍ਰਣਾਲੀ ਮੌਜੂਦ ਨਹੀਂ ਹੈ। ਆਮ ਤੌਰ 'ਤੇ ਸਰਕਾਰੀ ਦਫ਼ਤਰਾਂ ਅਤੇ ਸਕੂਲਾਂ 'ਚ ਬਿੱਲ ਆਉਣ ਤੋਂ ਬਾਅਦ ਹੀ ਉਸਦੀ ਅਦਾਇਗੀ ਕੀਤੀ ਜਾਂਦੀ ਹੈ ਪਰ ਹੁਣ ਪ੍ਰੀਪੇਡ ਪ੍ਰਣਾਲੀ ਲਾਗੂ ਹੋਣ ਨਾਲ ਕਲਰਕਾਂ ਅਤੇ ਅਕਾਊਂਟ ਸ਼ਾਖਾਵਾਂ 'ਚ ਭਾਰੀ ਉਲਝਣ ਪੈਦਾ ਹੋ ਗਈ ਹੈ ਕਿ ਬਿਨਾਂ ਬਿੱਲ ਦੇ ਕਿਸ ਖਾਤੇ ਰਾਹੀਂ ਅਗਾਊਂ ਰਕਮ ਜਮ?ਹਾਂ ਕਰਵਾਈ ਜਾਵੇ। ਇਸ ਕਾਰਨ ਨਾ ਸਿਰਫ਼

ਅਧਿਆਪਕ ਅਤੇ ਸਕੂਲ ਮੁਖੀ ਖੱਜਲ-ਖੁਆਰ ਹੋ ਰਹੇ ਹਨ, ਸਗੋਂ ਸਰਕਾਰੀ ਦਫ਼ਤਰਾਂ 'ਚ ਵੀ ਹੜਬੜਾਹਟ ਦਾ ਮਾਹੌਲ ਬਣਿਆ ਹੋਇਆ ਹੈ। ਗਰਮੀ ਦੇ ਦਿਨਾਂ 'ਚ ਬਿਜਲੀ ਬੰਦ ਹੋਣ ਕਾਰਨ ਕਈ ਸਕੂਲਾਂ ਵਿਚ ਪੜ੍ਹਾਈ ਦਾ ਕੰਮ ਵੀ ਪ੍ਰਭਾਵਿਤ ਹੋਇਆ। ਇਸ ਸਬੰਧੀ ਜਦੋਂ ਜ਼ਿਲਾ ਸਿੱਖਿਆ ਅਫ਼ਸਰ ਪਰਮਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਕਿਸੇ ਵੀ ਸਕੂਲ 'ਚ ਵਿਦਿਆਰਥੀਆਂ ਜਾਂ ਅਧਿਆਪਕਾਂ ਨੂੰ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮਾਮਲਾ ਹੁਣੇ ਹੀ ਉਨ੍ਹਾਂ ਦੇ ਧਿਆਨ 'ਚ ਆਇਆ ਸੀ ਅਤੇ ਇਸ ਦਾ ਤੁਰੰਤ ਸਥਾਈ ਹੱਲ ਕਰਨ ਲਈ ਸਾਰੇ ਸਕੂਲਾਂ ਤੋਂ ਜਾਣਕਾਰੀ ਇਕੱਤਰ ਕਰ ਕੇ ਸੀਨੀਅਰ ਅਧਿਕਾਰੀਆਂ ਦੇ ਧਿਆਨ 'ਚ ਵੀ ਲਿਆਂਦਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਜ਼ਿਲੇ ਨੂੰ ਲੋੜੀਂਦਾ ਬਜਟ ਅਲਾਟ ਹੋ ਗਿਆ ਹੈ, ਜੋ ਇਕ ਦਿਨ 'ਚ ਹੀ ਸਾਰੇ ਬਲਾਕਾਂ ਨੂੰ ਵੰਡ ਦਿੱਤਾ ਜਾਵੇਗਾ। ਤਾਂ ਜੋ ਸਬੰਧਤ ਬਲਾਕ ਆਪਣੇ ਅਧੀਨ ਆਉਣ ਵਾਲੇ ਵੱਖ-ਵੱਖ ਸਕੂਲਾਂ 'ਚ ਬਿਜਲੀ ਦੇ ਬਿਲ ਸਮੇਂ ਸਿਰ ਜਮਾ ਕਰਵਾ ਕੇ ਬਿਜਲੀ ਦੀ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾ ਸਕਣ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਸਕੂਲ ਦੇ ਕਿਸੇ ਅਧਿਆਪਕ ਜਾਂ ਵਿਦਿਆਰਥੀਆਂ ਨੂੰ ਕੋਈ ਪ੍ਰੇਸ਼ਾਨੀ ਪੇਸ਼ ਨਹੀਂ ਆਉਣ ਦੇਣਗੇ ਸਾਰਾ ਸਿਸਟਮ ਆਮ ਵਾਂਗ ਜਾਰੀ ਰਹੇਗਾ। ਗੁਰਦਾਸਪੁਰ ਦੇ ਐਕਸੀਅਨ ਕੁਲਦੀਪ ਸਿੰਘ ਅਤੇ ਸ਼ਹਿਰੀ ਸਬ-ਡਵੀਜ਼ਨ ਦੇ ਐੱਸ. ਡੀ. ਓ. ਭੁਪਿੰਦਰ ਸਿੰਘ ਕਲੇਰ ਨੇ ਕਿਹਾ ਕਿ ਇਹ ਪੂਰਾ ਸਿਸਟਮ ਆਟੋਮੈਟਿਕ ਹੈ ਅਤੇ ਕਿਸੇ ਵੀ ਮੀਟਰ ਦੀ ਸਪਲਾਈ ਨਿੱਜੀ ਤੌਰ 'ਤੇ ਬੰਦ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਬਿਲਿੰਗ ਸਾਈਕਲ ਮੁਤਾਬਕ ਜਦੋਂ ਪ੍ਰੀਪੇਡ ਰਕਮ ਖ਼ਤਮ ਹੁੰਦੀ ਹੈ ਤਾਂ ਸਪਲਾਈ ਆਪਣੇ ਆਪ ਬੰਦ ਹੋ ਜਾਂਦੀ ਹੈ ਅਤੇ ਰਕਮ ਜਮ?ਹਾਂ ਹੋਣ 'ਤੇ ਮੁੜ ਚਾਲੂ ਵੀ ਹ�ो ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਕਰੀਬਨ ਸਾਰੇ ਸਰਕਾਰੀ ਅਦਾਰਿਆਂ 'ਚ ਇਹ ਸਮਾਰਟ ਮੀਟਰ ਲਗਾਏ ਜਾ ਚੁੱਕੇ ਹਨ ਅਤੇ ਉਦੇਸ਼ ਖਪਤਕਾਰਾਂ ਨੂੰ ਬਿਹਤਰ ਅਤੇ ਨਿਰਵਿਘਨ ਬਿਜਲੀ ਸਪਲਾਈ ਦੇਣਾ ਹੈ।

ਤੇਲ ਕੰਪਨੀਆਂ ਨੇ ਵਧਾਈ ਡੀਲਰਾਂ ਦੀ ਚਿੰਤਾ, ਨਿਯਮ ਤੋੜਨ 'ਤੇ ਰਾਜਸਥਾਨ 'ਚ ਪੈਟਰੋਲ ਪੰਪ ਬੰਦ ਕਰਨ ਦੀ ਚੇਤਾਵਨੀ

ਬਿਜ਼ਨੈੱਸ ਡੈਸਕ 17 ਮਈ। ਰਾਜਸਥਾਨ ਵਿੱਚ ਪੈਟਰੋਲ ਅਤੇ ਡੀਜ਼ਲ ਦੀ ਸੀਮਤ ਵਿਕਰੀ ਨੂੰ ਲੈ ਕੇ ਤੇਲ ਕੰਪਨੀਆਂ ਅਤੇ ਪੈਟਰੋਲ ਪੰਪ ਸੰਚਾਲਕਾਂ ਵਿਚਕਾਰ ਵਿਵਾਦ ਡੂੰਘਾ ਹੁੰਦਾ ਜਾ ਰਿਹਾ ਹੈ। ਤੇਲ ਕੰਪਨੀਆਂ ਵੱਲੋਂ ਬਾਲਣ ਦੀ ਵਿਕਰੀ ਦੀ ਮਾਤਰਾ ਤੈਅ ਕੀਤੇ ਜਾਣ ਕਾਰਨ ਸੂਬੇ ਭਰ ਦੇ ਡੀਲਰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਪੈਟਰੋਲ ਪੰਪ ਸੰਚਾਲਕਾਂ ਦਾ ਇਲਜ਼ਾਮ ਹੈ ਕਿ ਕੰਪਨੀਆਂ ਅਧਿਕਾਰਤ ਪੱਤਰ ਦੀ ਬਜਾਏ ਮੌਖਿਕ ਨਿਰਦੇਸ਼ਾਂ ਅਤੇ ਮੋਬਾਈਲ ਸੰਦੇਸ਼ਾਂ ਰਾਹੀਂ ਤੈਅ ਸੀਮਾ ਤੋਂ ਵੱਧ ਪੈਟਰੋਲ-ਡੀਜ਼ਲ ਨਾ ਵੇਚਣ ਦਾ ਦਬਾਅ ਬਣਾ ਰਹੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ 'ਤੇ ਤੇਲ ਦੀ ਸਪਲਾਈ ਰੋਕਣ ਅਤੇ ਪੈਟਰੋਲ ਪੰਪ ਤੱਕ ਬੰਦ ਕਰਵਾਉਣ ਦੀਆਂ ਚੇਤਾਵਨੀਆਂ ਦਿੱਤੀਆਂ ਜਾ ਰਹੀਆਂ ਹਨ। ਡੀਜ਼ਲ ਦੀ ਖੁੱਲ੍ਹੀ ਵਿਕਰੀ 'ਤੇ ਰੋਕ ਲੱਗਣ ਨਾਲ ਕਿਸਾਨਾਂ ਦੀ ਚਿੰਤਾ ਵਧ ਗਈ ਹੈ, ਕਿਉਂਕਿ ਉਹ ਖੇਤੀ ਕਾਰਜਾਂ ਲਈ ਡਰੰਮਾਂ ਵਿੱਚ ਡੀਜ਼ਲ ਸਟੋਰ ਕਰਦੇ ਹਨ। ਇਸ ਤੋਂ ਇਲਾਵਾ ਸੜਕ ਨਿਰਮਾਣ ਅਤੇ ਛੋਟੇ ਕਾਰਖਾਨਿਆਂ ਵਿੱਚ ਵੀ ਖੁੱਲ੍ਹੇ ਡੀਜ਼ਲ ਦੀ ਵਰਤੋਂ ਹੁੰਦੀ ਹੈ, ਜੋ ਹੁਣ ਪ੍ਰਭਾਵਿਤ ਹੋ ਸਕਦੀ ਹੈ। ਰਾਜਸਥਾਨ ਪੈਟਰੋਲੀਅਮ ਡੀਲਰਜ਼ ਐਸੋਸੀਏਸ਼ਨ ਨੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ (9®3*) ਅਤੇ ਹੋਰ ਕੰਪਨੀਆਂ ਦੇ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਆਪਣਾ ਵਿਰੋਧ ਦਰਜ ਕਰਵਾਇਆ ਹੈ। ਐਸੋਸੀਏਸ਼ਨ ਦਾ ਕਹਿਣਾ ਹੈ ਕਿ ਡਿਪੂਆਂ ਤੋਂ ਸਪਲਾਈ ਘੱਟ ਹੋਣ ਕਾਰਨ ਕਈ ਇਲਾਕਿਆਂ ਵਿੱਚ ਪੈਟਰੋਲ ਪੰਪਾਂ 'ਤੇ ਤੇਲ ਖ਼ਤਮ ਹੋਣ ਦੀ ਨੌਬਤ ਆ ਗਈ ਹੈ, ਜਿਸ ਨਾਲ ਅਮਨ-ਕਾਨੂੰਨ ਦੀ ਸਥਿਤੀ ਵੀ ਵਿਗੜ ਸਕਦੀ ਹੈ। ਡੀਲਰਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਅਤੇ ਕੰਪਨੀਆਂ ਇਸ ਬਾਰੇ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰਨ।

ਗੰਗਾ ਨਦੀ 'ਚ ਇਫਤਾਰ ਪਾਰਟੀ ਕਰਨ ਦੇ ਕੁਝ ਦੋਸ਼ੀਆਂ ਨੂੰ ਮਿਲੀ ਜ਼ਮਾਨਤ

ਪ੍ਰਯਾਗਰਾਜ 17 ਮਈ। ਇਲਾਹਾਬਾਦ ਹਾਈ ਕੋਰਟ ਨੇ ਰਮਜ਼ਾਨ ਦੌਰਾਨ ਵਾਰਾਣਸੀ 'ਚ ਗੰਗਾ ਨਦੀ 'ਚ ਇਕ ਕਿਸ਼ਤੀ 'ਤੇ ਇਫਤਾਰ ਪਾਰਟੀ ਅਤੇ ਮਾਸ ਖਾਣ ਤੇ ਨਦੀ 'ਚ ਹੱਡੀਆਂ ਸੁੱਟਣ ਦੇ ਦੋਸ਼ੀ ਨੌਜਵਾਨਾਂ 'ਚੋਂ ਕੁਝ ਨੂੰ ਸ਼ੁੱਕਰਵਾਰ ਨੂੰ ਜ਼ਮਾਨਤ ਦੇ ਦਿੱਤੀ। ਜਸਟਿਸ ਰਾਜੀਵ ਲੋਚਨ ਸ਼ੁਕਲਾ ਨੇ ਦੋਸ਼ੀਆਂ ਨੂੰ ਜ਼ਮਾਨਤ ਦਿੱਤੀ। ਇਸ ਤੋਂ ਪਹਿਲਾਂ, ਅਦਾਲਤ ਨੇ ਰਾਜ ਸਰਕਾਰ ਦੇ ਵਕੀਲ ਨੂੰ ਜਵਾਬੀ ਹਲਫ਼ਨਾਮਾ ਦਾਇਰ ਕਰਨ ਲਈ ਇਕ ਹਫ਼ਤੇ ਦਾ ਸਮਾਂ ਦਿੱਤਾ ਸੀ। ਅਦਾਲਤ ਨੇ ਦੂਜੇ ਦੋਸ਼ੀਆਂ ਦੀਆਂ ਜ਼ਮਾਨਤ ਪਟੀਸ਼ਨਾਂ 'ਤੇ ਸੁਣਵਾਈ ਲਈ 18 ਮਈ ਦੀ ਤਰੀਕ ਤੈਅ ਕੀਤੀ ਹੈ। ਜ਼ਮਾਨਤ ਪਟੀਸ਼ਨਾਂ 'ਚ ਪਟੀਸ਼ਨਕਰਤਾਵਾਂ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਉਨ੍ਹਾਂ ਦੇ ਮੁਵੱਕਿਲਾਂ ਨੂੰ ਇਸ ਮਾਮਲੇ 'ਚ ਝੂਠਾ ਫਸਾਇਆ ਗਿਆ ਹੈ ਕਿਉਂਕਿ ਉਨ੍ਹਾਂ ਦਾ ਨਾਮ ਐੱਫਆਈਆਰ 'ਚ ਨਹੀਂ ਹੈ। ਭਾਜਪਾ ਯੁਵਾ ਮੋਰਚਾ ਦੇ ਪ੍ਰਧਾਨ ਰਜਤ ਜਾਇਸਵਾਲ ਨੇ 16 ਮਾਰਚ ਨੂੰ ਵਾਰਾਣਸੀ ਦੇ ਕੋਤਵਾਲੀ ਪੁਲਸ ਸਟੇਸ਼ਨ 'ਚ ਐੱਫਆਈਆਰ ਦਰਜ ਕੀਤੀ, ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਇਸ ਘਟਨਾ ਨੇ ਇਕ ਖਾਸ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਐੱਫਆਈਆਰ 'ਚ ਦੋਸ਼ ਲਗਾਇਆ ਗਿਆ ਹੈ ਕਿ 15 ਮਾਰਚ ਨੂੰ ਇਨ੍ਹਾਂ ਵਿਅਕਤੀਆਂ ਨੇ ਗੰਗਾ ਨਦੀ 'ਚ ਇਕ ਕਿਸ਼ਤੀ 'ਤੇ ਮਾਸ ਖਾਧਾ ਅਤੇ ਰਹਿੰਦ-ਖੂੰਹਦ ਨਦੀ 'ਚ ਸੁੱਟ ਦਿੱਤੀ। ਪੁਲਸ ਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ, ਭਾਰਤੀ ਦੰਡ ਵਿਧਾਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ, ਜਿਸ 'ਚ ਪੂਜਾ ਸਥਾਨ ਨੂੰ ਅਪਵਿੱਤਰ ਕਰਨਾ ਅਤੇ ਧਾਰਮਿਕ ਭਾਵਨਾਵਾਂ ਭੜਕਾਉਣਾ ਸ਼ਾਮਲ ਹੈ। ਇਸ ਤੋਂ ਪਹਿਲਾਂ, ਵਾਰਾਣਸੀ ਸੈਸ਼ਨ ਅਦਾਲਤ ਨੇ 1 ਅਪ੍ਰੈਲ ਨੂੰ ਇਨ੍ਹਾਂ ਵਿਅਕਤੀਆਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਇਹ ਕਹਿੰਦੇ ਹੋਏ ਕਿ ਅਜਿਹਾ ਲੱਗਦਾ ਹੈ ਕਿ ਉਨ੍ਹਾਂ ਦਾ ਇਰਾਦਾ ਸਮਾਜਿਕ ਸਦਭਾਵਨਾ ਨੂੰ ਭੰਗ ਕਰਨਾ ਸੀ।

ਜਲੰਧਰ ਤੋਂ ਹੈਰਾਨ ਕਰਦਾ ਮਾਮਲਾ ! ਪਹਿਲਾਂ ਮੁੰਡੇ ਦੀ ਕੀਤੀ ਛਿੱਤਰ-ਪਰੇਡ, ਫਿਰ ਥਾਣੇ 'ਚ ਕਰਵਾ 'ਤਾ ਵਿਆਹ

ਕੌਮੀ ਪਤ੍ਰਿਕਾ

ਜਲੰਧਰ 17 ਮਈ। ਜਲੰਧਰ ਦੇ ਬਸਤੀ ਨੌ ਵਿਚ ਕੁੜੀ ਨੂੰ ਭਜਾ ਕੇ ਲਿਜਾਣ ਦੇ ਮਾਮਲੇ ਵਿਚ ਅਤੁਲ ਨਾਂ ਦੇ ਨੌਜਵਾਨ ਦੀ ਛਿੱਤਰ-ਪਰੇਡ ਕੀਤੀ ਗਈ। ਇਸ ਦੌਰਾਨ ਲੜਕਾ ਲੋਕਾਂ ਨੂੰ ਬਚਾਅ ਲਈ ਗੁਹਾਰ ਲਗਾਉਂਦਾ ਰਿਹਾ ਅਤੇ ਕਹਿੰਦਾ ਰਿਹਾ ਕਿ ਉਸ ਨੇ ਭੱਜ ਕੇ ਵਿਆਹ ਨਹੀਂ ਕੀਤਾ ਹੈ। ਅਤੁਲ ਨੇ ਕਿਹਾ ਕਿ ਸ਼ਿਵਰਾਤਰੀ ਵਾਲੇ ਦਿਨ ਜਲੰਧਰ ਦੇ ਇਕ ਮਸ਼ਹੂਰ ਧਾਰਮਿਕ ਸਥਾਨ 'ਤੇ ਜਾ ਕੇ ਦੋਹਾਂ ਨੇ ਮਰਜ਼ੀ ਨਾਲ ਵਿਆਹ ਕੀਤਾ ਹੈ ਪਰ ਪਰਿਵਾਰ ਵਾਲਿਆਂ ਵਿਚੋਂ ਕਿਸੇ ਨੇ ਵੀ ਉਨ੍ਹਾਂ ਦੀ ਇਕ ਨਾ ਸੁਣੀ। ਲੜਕੀ ਦੇ ਪਰਿਵਾਰ ਨੇ ਨੌਜਵਾਨ 'ਤੇ ਪੈਸੇ ਵਸੂਲਣ ਅਤੇ ਕੁੜੀ ਨੂੰ ਉਨ੍ਹਾਂ ਦੇ ਪਰਿਵਾਰ ਨੂੰ ਸੌਂਪਣ ਦਾ ਦੋਸ਼ ਲਗਾਇਆ। ਘਟਨਾ ਨੂੰ ਲੈ ਕੇ ਕਾਫ਼ੀ ਦੇਰ ਤੱਕ ਹੰਗਾਮਾ ਹੁੰਦਾ ਰਿਹਾ, ਹੰਗਾਮੇ ਮਗਰੋਂ ਕੁੜੀ ਦੇ ਪਰਿਵਾਰ ਵਾਲਿਆਂ ਵੱਲੋਂ ਥਾਣੇ ਵਿਚ ਦੋਹਾਂ ਦਾ ਵਿਆਹ ਕਰਵਾ ਦਿੱਤਾ ਗਿਆ। ਘਟਨਾ ਦੀ ਜਾਣਕਾਰੀ ਦਿੰਦੇ ਹੋਏ ਸ਼ਿਵ ਸੈਨਾ ਆਗੂ ਕੀਰਤੀ ਨੇ ਕਿਹਾ ਕਿ ਲੜਕੀ ਦੇ ਪਰਿਵਾਰ ਨੂੰ ਪਤਾ ਲੱਗਾ ਕਿ ਨੌਜਵਾਨ ਉਨ੍ਹਾਂ ਦੀ ਧੀ ਨਾਲ ਭੱਜ ਗਿਆ ਹੈ ਅਤੇ ਉਸ ਨਾਲ ਵਿਆਹ ਕਰਵਾ ਲਿਆ ਹੈ। ਇਸ ਦੌਰਾਨ ਨੌਜਵਾਨ ਨੂੰ ਕਾਬੂ ਕਰਕੇ ਕੁੱਟਮਾਰ ਕੀਤੀ ਗਈ ਪਰ ਬਾਅਦ ਵਿਚ ਪਰਿਵਾਰ ਨਾਲ ਗੱਲ ਕਰਨ ਦੌਰਾਨ ਪਤਾ ਲੱਗਾ ਕਿ ਦੋਹਾਂ ਨੇ ਮੰਦਿਰ ਵਿਚ ਵਿਆਹ ਕਰ ਲਿਆ ਹੈ। ਹੁਣ ਕੁੜੀ ਦੇ ਪਰਿਵਾਰ ਵਾਲੇ ਵੀ ਰਾਜ਼ੀ ਹੋ ਗਏ ਅਤੇ ਦੋਹਾਂ ਨੇ ਪੁਲਸ ਥਾਣੇ ਵਿਚ ਵੀ ਵਿਆਹ ਕਰਵਾਇਆ। ਪ੍ਰੀਤੀ ਨੇ ਦੱਸਿਆ ਕਿ ਉਸ ਨੂੰ ਭੈਣ ਦਾ

ਫੋਨ ਆਇਆ ਸੀ ਅਤੇ ਉਹ ਤੁਰੰਤ ਘਟਨਾ ਸਥਾਨ 'ਤੇ ਪਹੁੰਚੇ, ਜਿੱਥੇ ਭਾਂਜੇ ਨੇ ਮੁੰਡੇ ਨੂੰ ਕਾਬੂ ਕਰ ਲਿਆ। ਔਰਤ ਨੇ ਕਿਹਾ ਕਿ ਉਸ ਨੇ ਕੁੜੀ ਨੂੰ ਦੋ-ਤਿੰਨ ਦਿਨਾਂ ਲਈ ਚੁਰਗਿੱਟੀ ਵਿੱਚ ਆਪਣੀ ਭੈਣ ਦੇ ਘਰ ਛੱਡਿਆ ਅਤੇ ਮੁੰਡਾ ਉਸ ਨੂੰ ਭਜਾ ਕੇ ਲੈ ਗਿਆ। ਇਸ ਤੋਂ ਬਾਅਦ ਮੁੰਡੇ ਨੇ ਕੁੜੀ ਨਾਲ ਇਕ ਮੰਦਿਰ ਵਿੱਚ ਵਿਆਹ ਕਰਵਾ ਲਿਆ। ਪਰਿਵਾਰ ਅੱਜ ਮਾਮਲੇ ਨੂੰ ਸੁਲਝਾਉਣ ਲਈ ਥਾਣੇ ਆਇਆ। ਸਬ-ਇੰਸਪੈਕਟਰ ਜਸਬੀਰ ਸਿੰਘ ਨੇ ਕਿਹਾ ਕਿ ਵਿਆਹ ਨੂੰ ਲੈ ਕੇ ਝਗੜਾ ਹੋਇਆ ਸੀ। ਦੋਵੇਂ ਪਰਿਵਾਰ ਇਸ ਮਾਮਲੇ ਨੂੰ ਲੈ ਕੇ ਪੁਲਸ ਸਟੇਸ਼ਨ ਆਏ ਅਤੇ ਉਨ੍ਹਾਂ ਦੀ ਸਹਿਮਤੀ ਨਾਲ ਮੁੰਡਾ ਅਤੇ ਕੁੜੀ ਦਾ ਵਿਆਹ ਕਰ ਦਿੱਤਾ ਗਿਆ। ਇਸ ਦੌਰਾਨ ਕੁੜੀ ਛਾਇਆ ਨੇ ਕਿਹਾ ਕਿ ਉਹ ਅਤੁਲ ਨੂੰ ਇਕ ਸਾਲ ਤੋਂ ਜਾਣਦੀ ਸੀ। ਦੋਵਾਂ ਨੇ ਪਹਿਲਾਂ ਇੱਕ ਮੰਦਰ ਵਿੱਚ ਵਿਆਹ ਕੀਤਾ ਸੀ, ਅਤੇ ਅੱਜ, ਆਪਣੇ ਪਰਿਵਾਰਾਂ ਦੀ ਸਹਿਮਤੀ ਨਾਲ, ਉਨ੍ਹਾਂ ਨੇ ਪੁਲਿਸ ਸਟੇਸ਼ਨ